Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 130 29/09/2025 www.samajweekly.com samajweekly @samajweekly samajweekly

ਕਰੂਰ ਭਗਦੜ: ਟੀਵੀਕੇ ਨੇ ਹਾਈ ਕੋਰਟ ਦਾ ਦਰਵਾਜ਼ਾ ਖੜਕਾਇਆ

ਚੇਨੱਈ। ਐਤਵਾਰ ਨੂੰ ਤਾਮਿਲ ਫ਼ਿਲਮ ਇੰਡਸਟਰੀ ਦੇ ਅਦਾਕਾਰ ਤੇ ਤਮਿਲਗਾ ਵੇਤਰੀ ਕਜ਼ਾਗਮ (ਟੀਵੀਕੇ) ਪਾਰਟੀ ਪ੍ਰਧਾਨ ਵਿਜੇ ਦੀ ਰੈਲੀ ਵਿਚ ਹੋਈ ਭਗਦੜ ਵਿਚ ਮਰਨ ਵਾਲਿਆਂ ਦੀ ਗਿਣਤੀ 40 ਤਕ ਪਹੁੰਚ ਗਈ ਹੈ। ਇਨ੍ਹਾਂ ਵਿਚ 16 ਔਰਤਾਂ ਅਤੇ 10 ਬੱਚੇ ਸ਼ਾਮਲ ਹਨ। 95 ਲੋਕ ਜ਼ਖ਼ਮੀ ਹਨ, ਅਤੇ 51 ਆਈ.ਸੀ.ਯੂ. ਵਿਚ ਹਨ। ਮੌਤਾਂ ਦੀ ਗਿਣਤੀ ਹੋਰ ਵੱਧ ਸਕਦੀ ਹੈ।

ਇਸ ਦੌਰਾਨ, ਵਿਜੇ ਦੀ ਪਾਰਟੀ, ਤਮਿਲਗਾ ਵੇਤਰੀ ਕਜ਼ਾਗਮ (ਟੀਵੀਕੇ) ਦੇ ਆਗੂਆਂ ਵਿਰੁਧ ਪੁਲਿਸ ਐਫ.ਆਈ.ਆਰ. ਦਰਜ ਕੀਤੀ ਗਈ ਹੈ। ਪਾਰਟੀ ਨੇ ਮਾਮਲੇ ਦੀ ਸੁਤੰਤਰ ਤੇ ਨਿਰਪੱਖ ਜਾਂਚ ਲਈ ਮਦਰਾਸ ਹਾਈ ਕੋਰਟ ਨੂੰ ਅਪੀਲ ਕੀਤੀ ਹੈ। ਪਾਰਟੀ ਨੇ ਕਿਹਾ ਕਿ ਇਹ ਭਗਦੜ ਹਾਦਸਾ ਨਹੀਂ ਸਗੋਂ ਸਾਜ਼ਿਸ਼ ਸੀ। ਇਸ ਘਟਨਾ ਤੋਂ ਬਾਅਦ, ਗ੍ਰਹਿ ਮੰਤਰਾਲੇ ਨੇ ਸੂਬਾ ਸਰਕਾਰ ਤੋਂ ਰਿਪੋਰਟ ਮੰਗੀ ਹੈ। ਅਦਾਕਾਰ ਵਿਜੇ ਨੇ ਪਾਰਟੀ ਦੇ ਐਕਸ ਹੈਂਡਲ ਤੋਂ ਇਕ ਪੋਸਟ ਪੋਸਟ ਕੀਤੀ, ਜਿਸ ਵਿਚ ਲਿਖਿਆ, "ਬੀਤੇ ਦਿਨ ਕਰੂਰ ਵਿਚ ਜੋ ਹੋਇਆ ਉਸ 'ਤੇ ਦੁੱਖ ਪ੍ਰਗਟ ਕਰਨ ਲਈ ਮੇਰੇ ਕੋਲ ਕੋਈ ਸ਼ਬਦ ਨਹੀਂ ਹਨ। ਮੈਂ ਮ੍ਰਿਤਕਾਂ ਦੇ ਪਰਵਾਰਾਂ ਨੂੰ 20 ਲੱਖ ਰੁਪਏ ਤੇ ਜ਼ਖ਼ਮੀਆਂ ਨੂੰ 2 ਲੱਖ ਦੇ ਮੁਆਵਜ਼ੇ ਦਾ ਐਲਾਨ ਕਰਦਾ ਹਾਂ।" ਦਰਅਸਲ, ਅਦਾਕਾਰ ਵਿਜੇ ਨੇ 2 ਫ਼ਰਵਰੀ, 2024 ਨੂੰ ਟੀ.ਵੀ.ਕੇ. ਪਾਰਟੀ ਦੀ ਸਥਾਪਨਾ ਕੀਤੀ। ਉਨ੍ਹਾਂ ਨੇ 2026 ਦੀਆਂ ਵਿਧਾਨ ਸਭਾ ਚੋਣਾਂ ਲੜਨ ਦੇ ਅਪਣੇ ਇਰਾਦੇ ਦਾ ਐਲਾਨ ਕੀਤਾ। ਨਤੀਜੇ ਵਜੋਂ, ਉਨ੍ਹਾਂ ਸੂਬੇ ਭਰ ਵਿਚ ਰੈਲੀਆਂ ਸ਼ੁਰੂ ਕਰ ਦਿਤੀਆਂ ਸਨ। ਇਸ ਉਦੇਸ਼ ਨਾਲ ਕਰੂਰ ਵਿਚ ਵੀ ਇਕ ਰੈਲੀ ਕੀਤੀ ਗਈ। ਇਸ ਰੈਲੀ ਲਈ 10,000 ਲੋਕਾਂ ਲਈ ਇਜਾਜ਼ਤ ਦਿਤੀ ਗਈ ਸੀ ਪਰ ਮੌਕੇ 'ਤੇ 50,000 ਤੋਂ ਵੱਧ ਲੋਕ ਸ਼ਾਮਲ ਹੋਏ, ਜਿਸ ਤੋਂ ਬਾਅਦ ਇਕ ਵੱਡਾ ਹਾਦਸਾ ਵਾਪਰ ਗਿਆ। ਜਿਸ ਨੂੰ ਪਾਰਟੀ ਆਗੂਆਂ ਤੇ ਨੇਤਾਵਾਂ ਵਲੋਂ ਕਿਸੇ ਸਾਜ਼ਿਸ਼ ਦੇ ਤਹਿਤ ਕੀਤਾ ਗਿਆ ਹਾਦਸਾ ਕਰਾਰ ਦਿਤਾ।

ਪੁਲੀਸ ਵੱਲੋਂ ਬੀਕੇਆਈ ਜਥੇਬੰਦੀ ਦੇ ਚਾਰ ਕਾਰਕੁੰਨ ਗ੍ਰਿਫਤਾਰ; ਪੁਲੀਸ ਮੁਕਾਬਲੇ ਵਿੱਚ ਇੱਕ ਜ਼ਖਮੀ

ਅੰਮ੍ਰਿਤਸਰ। ਕੰਧਾਂ ਤੇ ਰੇਲ ਗੱਡੀ 'ਤੇ ਖਾਲਿਸਤਾਨ ਪੱਖੀ ਨਾਅਰੇ ਲਿਖਣ ਦੇ ਮਾਮਲੇ ਵਿੱਚ ਅੰਮ੍ਰਿਤਸਰ ਕਮਿਸ਼ਨਰੇਟ ਦੀ ਪੁਲੀਸ ਨੇ ਬੀਕੇਆਈ ਅਤਿਵਾਦੀ ਜਥੇਬੰਦੀ ਨਾਲ ਸਬੰਧਿਤ ਚਾਰ ਕਾਰਕੁੰਨਾਂ ਨੂੰ ਗ੍ਰਿਫਤਾਰ ਕੀਤਾ ਹੈ ਅਤੇ ਇਨ੍ਹਾਂ ਵਿੱਚੋਂ ਇੱਕ ਪੁਲੀਸ ਨਾਲ ਹੋਏ ਮੁਕਾਬਲੇ ਦੌਰਾਨ ਜ਼ਖਮੀ ਹੋ ਗਿਆ। ਜ਼ਖਮੀ ਹੋਏ ਵਿਅਕਤੀ ਦੀ ਸ਼ਨਾਖਤ ਗੁਰਵਿੰਦਰ ਸਿੰਘ ਉਰਫ ਹਰਮਨ ਵਾਸੀ ਮੰਦਰ ਵਾਲੀ ਗਲੀ, ਖੇਮਕਰਨ ਰੋਡ, ਭਿੱਖੀਵਿੰਡ ਤਰਨ ਤਾਰਨ ਵਜੋਂ ਹੋਈ ਹੈ। ਇਨ੍ਹਾਂ ਦੇ ਬਾਕੀ ਤਿੰਨ ਸਾਥੀ ਵੀ ਤਰਨ ਤਾਰਨ ਜ਼ਿਲ੍ਹੇ ਨਾਲ ਸਬੰਧਿਤ ਹਨ ਜਿਨ੍ਹਾਂ ਦੀ ਸ਼ਨਾਖਤ ਵਿਸ਼ਾਲ ਵਾਸੀ ਗਲੀ ਸੀਆਈਏ ਸਟਾਫ ਮੁਹੱਲਾ ਨਾਨਕਸਰ ਤਰਨ ਤਾਰਨ, ਜੋਬਨ ਦੀਪ ਸ਼ਰਮਾ ਵਾਸੀ ਭਿੱਖੀਵਿੰਡ ਅਤੇ ਵਿਸ਼ਾਲ ਉਰਫ ਕੀੜੀ ਵਾਸੀ ਭਿੱਖੀਵਿੰਡ ਵਜੋਂ ਹੋਈ ਹੈ।

ਪੰਜਾਬ ਵਿੱਚ ਹੜ੍ਹਾਂ ਤੋਂ ਬਾਅਦ ਹੁਣ ਮੋਰਚਾ ਲਾਉਣਗੇ ਕਿਸਾਨ, ਵਿਰੋਧ ਪ੍ਰਦਰਸ਼ਨਾਂ ਦਾ ਐਲਾਨ

ਚੰਡੀਗੜ੍ਹ। ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਆਗੂ ਸਰਵਣ ਸਿੰਘ ਪੰਧੇਰ ਨੇ ਚੰਡੀਗੜ੍ਹ ਵਿੱਚ ਕਿਸਾਨ ਮਜ਼ਦੂਰ ਮੋਰਚੇ ਦੀ ਮੀਟਿੰਗ ਤੋਂ ਬਾਅਦ ਵਿਰੋਧ ਪ੍ਰਦਰਸ਼ਨ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਅਤੇ ਮੋਦੀ ਸਰਕਾਰ ਵਿਰੁੱਧ 6 ਅਕਤੂਬਰ ਨੂੰ ਪੰਜਾਬ ਭਰ ਵਿੱਚ ਅਰਥੀ ਫੂਕ ਪ੍ਰਦਰਸ਼ਨ ਕੀਤਾ ਜਾਵੇਗਾ। ਪੰਧੇਰ ਦੇ ਅਨੁਸਾਰ, ਇਹ ਫੈਸਲਾ ਪੰਜਾਬ ਦੇ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਆਮ ਲੋਕਾਂ ਨਾਲ ਹੋ ਰਹੀ ਬੇਇਨਸਾਫ਼ੀ ਅਤੇ ਅਣਗਹਿਲੀ ਦੇ ਵਿਰੋਧ ਵਿੱਚ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਪੰਜਾਬ ਵਿੱਚ ਆਏ ਭਿਆਨਕ ਹੜ੍ਹਾਂ ਤੋਂ ਬਾਅਦ ਪ੍ਰਭਾਵਿਤ ਕਿਸਾਨਾਂ, ਮਜ਼ਦੂਰਾਂ, ਛੋਟੇ ਦੁਕਾਨਦਾਰਾਂ, ਪਸ਼ੂ ਮਾਲਕਾਂ ਅਤੇ ਆਮ ਲੋਕਾਂ ਨੂੰ ਅਜੇ ਤੱਕ ਕੋਈ ਠੋਸ ਰਾਹਤ ਨਹੀਂ ਦਿੱਤੀ ਹੈ। ਕਿਸਾਨ ਸੰਗਠਨਾਂ ਨੇ ਝੋਨੇ ਲਈ ਪ੍ਰਤੀ ਏਕੜ 70,000 ਰੁਪਏ ਦੇ ਮੁਆਵਜ਼ੇ ਦੀ ਮੰਗ ਕੀਤੀ ਸੀ, ਪਰ ਸਰਕਾਰ ਨੇ ਅਜੇ ਤੱਕ ਕੋਈ ਐਲਾਨ ਜਾਂ ਕਾਰਵਾਈ ਨਹੀਂ ਕੀਤੀ ਹੈ। ਗੰਨੇ ਦੀ ਫਸਲ ਲਈ ਪ੍ਰਤੀ ਏਕੜ 1 ਲੱਖ ਰੁਪਏ ਦੇ ਮੁਆਵਜ਼ੇ ਦੀ ਮੰਗ ਕੀਤੀ ਗਈ ਹੈ, ਅਤੇ ਜਿਨ੍ਹਾਂ ਕਿਸਾਨਾਂ ਦੀਆਂ ਜ਼ਮੀਨਾਂ ਰੇਤ ਨਾਲ ਭਰੀਆਂ ਹੋਈਆਂ ਹਨ, ਉਨ੍ਹਾਂ ਨੂੰ ਰੇਤ ਹਟਾਉਣ ਦਾ ਅਧਿਕਾਰ ਦਿੱਤਾ ਜਾਣਾ ਚਾਹੀਦਾ ਹੈ। 5 ਏਕੜ ਦੀ ਮੁਆਵਜ਼ਾ ਸੀਮਾ ਖਤਮ ਕੀਤੀ ਜਾਣੀ ਚਾਹੀਦੀ ਹੈ ਤੇ ਸਾਰੇ ਪ੍ਰਭਾਵਿਤ ਲੋਕਾਂ ਨੂੰ ਪੂਰਾ ਮੁਆਵਜ਼ਾ ਮਿਲਣਾ ਚਾਹੀਦਾ ਹੈ। ਪੰਧੇਰ ਨੇ ਸਵਾਲ ਉਠਾਇਆ ਕਿ ਹੜ੍ਹ ਕੁਦਰਤੀ ਨਹੀਂ ਸਗੋਂ ਮਨੁੱਖ ਦੁਆਰਾ ਬਣਾਇਆ ਗਿਆ ਸੀ। ਉਨ੍ਹਾਂ ਦੋਸ਼ ਲਗਾਇਆ ਕਿ ਪਾਣੀ ਨੂੰ ਜਾਣਬੁੱਝ ਕੇ ਡੈਮਾਂ ਵਿੱਚ ਰੋਕਿਆ ਗਿਆ ਸੀ ਤੇ ਜਦੋਂ ਛੱਡਿਆ ਤਾਂ ਇਸ ਨੇ ਜਾਣਬੁੱਝ ਕੇ ਪੰਜਾਬ ਨੂੰ ਡੁੱਬਾ ਦਿੱਤਾ। ਉਨ੍ਹਾਂ ਸੱਚਾਈ ਦਾ ਪਰਦਾਫਾਸ਼ ਕਰਨ ਲਈ ਪੂਰੇ ਮਾਮਲੇ ਦੀ ਨਿਰਪੱਖ ਜਾਂਚ ਦੀ ਮੰਗ ਕੀਤੀ। ਪਰਾਲੀ ਸਾੜਨ ਦੇ ਮੁੱਦੇ 'ਤੇ ਬੋਲਦਿਆਂ ਉਨ੍ਹਾਂ ਕਿਹਾ ਕਿ ਸਰਕਾਰ ਨੇ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਦੀ ਅਪੀਲ ਕੀਤੀ ਸੀ, ਪਰ ਦਿੱਤੀਆਂ ਗਈਆਂ ਮਸ਼ੀਨਾਂ ਕੰਮ ਨਹੀਂ ਕਰ ਰਹੀਆਂ ਸਨ। ਇਸ ਦੇ ਬਾਵਜੂਦ, ਕਿਸਾਨਾਂ 'ਤੇ ਬੀਐਨਐਸ ਦੀ ਧਾਰਾ 223 ਤਹਿਤ ਮੁਕੱਦਮਾ ਚਲਾਇਆ ਜਾ ਰਿਹਾ ਹੈ।

ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬੀ ਗਾਇਕ ਰਾਜਵੀਰ ਜਵੰਦਾ ਦਾ ਹਸਪਤਾਲ ਜਾ ਕੇ ਜਾਣਿਆ ਹਾਲ

ਮੁਹਾਲੀ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਰਾਜਵੀਰ ਜਵੰਦਾ ਦਾ ਹਾਲ-ਚਾਲ ਜਾਣਨ ਲਈ ਫੋਰਟਿਸ ਹਸਪਤਾਲ ਪੁੱਜੇ ਅਤੇ ਉਨ੍ਹਾਂ ਦਾ ਹਾਲ-ਚਾਲ ਜਾਣਿਆ। ਇਸ ਮੌਕੇ ਭਗਵੰਤ ਮਾਨ ਨੇ ਕਿਹਾ ਹੈ ਕਿ ਪਰਿਵਾਰ ਨਾਲ ਗੱਲਬਾਤ ਕੀਤੀ ਹੈ। ਜਵੰਦਾ ਦੀ ਸਿਹਤ ਵਿੱਚ ਸੁਧਾਰ ਹੋਣ ਕਾਰਨ ਪਰਿਵਾਰ ਦੀ ਉਮੀਦ ਵਧੀ ਹੈ। ਉਨਾਂ ਨੇ ਕਿਹਾ ਹੈ ਕਿ ਡਾਕਟਰਾਂ ਨੇ ਦੱਸਿਆ ਹੈ ਕਿ ਕੱਲ ਨਾਲੋਂ ਸਿਹਤ ਬਿਹਤਰ ਹੋਈ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਅਵਾਰਾ ਪਸ਼ੂਆਂ ਦੇ ਕਾਰਨ ਹੋ ਰਹੇ ਹਾਦਸਿਆਂ ਨੂੰ ਲੈ ਕੇ ਸਖ਼ਤ ਹੈ। ਉਨ੍ਹਾਂ ਨੇ ਕਿਹਾ ਹੈ ਕਿ ਅਸੀਂ ਇਨ੍ਹਾਂ ਨੇ ਲਈ ਗਾਊਸ਼ਾਲਾ ਬਣਾਈਆਂ ਹਨ ਅਤੇ ਹੋਰ ਵੀ ਕਦਮ ਚੁੱਕ ਰਹੇ ਹਾਂ। ਦੱਸ ਦਈਏ ਕਿ ਸੜਕ ਹਾਦਸੇ ਵਿਚ ਗੰਭੀਰ ਸੱਟਾਂ ਲੱਗਣ ਤੋਂ ਬਾਅਦ ਉਹ ਮੁਹਾਲੀ ਦੇ ਹਸਪਤਾਲ ਵਿਚ ਦਾਖਲ ਹਨ। 35 ਸਾਲਾ ਜਵੰਦਾ ਸ਼ਨੀਵਾਰ ਨੂੰ ਮੋਟਰਸਾਈਕਲ 'ਤੇ ਸ਼ਿਮਲਾ ਜਾਂਦੇ ਸਮੇਂ ਹਿਮਾਚਲ ਪ੍ਰਦੇਸ਼ ਦੇ ਸੋਲਨ ਜ਼ਿਲ੍ਹੇ ਵਿਚ ਇਕ ਹਾਦਸੇ ਵਿਚ ਗੰਭੀਰ ਜ਼ਖਮੀ ਹੋ ਗਿਆ ਸੀ। ਇਹ ਹਾਦਸਾ ਬੱਦੀ ਖੇਤਰ ਵਿਚ ਉਸ ਸਮੇਂ ਵਾਪਰਿਆ ਜਦੋਂ ਉਸ ਨੇ ਮੋਟਰਸਾਈਕਲ ਤੋਂ ਕੰਟਰੋਲ ਗੁਆ ਦਿੱਤਾ। ਉਸਨੂੰ ਗੰਭੀਰ ਹਾਲਤ ਵਿਚ ਪੰਜਾਬ ਦੇ ਮੋਹਾਲੀ ਦੇ ਫੋਰਟਿਸ ਹਸਪਤਾਲ ਲਿਆਂਦਾ ਗਿਆ। ਫੋਰਟਿਸ ਹਸਪਤਾਲ ਨੇ ਸ਼ਨੀਵਾਰ ਨੂੰ ਕਿਹਾ ਸੀ ਕਿ ਸੜਕ ਹਾਦਸੇ ਵਿਚ ਗਾਇਕ ਦੇ ਸਿਰ ਅਤੇ ਰੀੜ੍ਹ ਦੀ ਹੱਡੀ ਵਿਚ ਗੰਭੀਰ ਸੱਟਾਂ ਲੱਗੀਆਂ ਸਨ। ਜਵੰਦਾ ਦੀ ਜਲਦ ਸਿਹਤਯਾਬੀ ਲਈ ਦੁਆਵਾਂ ਦਾ ਦੌਰ ਜਾਰੀ ਹੈ।

ਪੰਜਾਬ ਵਿਚ 1 ਅਕਤੂਬਰ ਤੋਂ ਬਦਲੇਗਾ ਸਕੂਲਾਂ ਦਾ ਸਮਾਂ, ਸਵੇਰੇ 8.30 ਵਜੇ ਤੋਂ ਖੁਲ੍ਹਣਗੇ ਸਕੂਲ

ਚੰਡੀਗੜ੍ਹ। ਪੰਜਾਬ ਦੇ ਸਿਖਿਆ ਵਿਭਾਗ ਨੇ ਸੂਬੇ ਦੇ ਸਾਰੇ ਸਰਕਾਰੀ, ਨਿਜੀ, ਸਹਾਇਤਾ ਪ੍ਰਾਪਤ ਅਤੇ ਮਾਨਤਾ ਪ੍ਰਾਪਤ ਸਕੂਲਾਂ ਦਾ ਸਮਾਂ ਬਦਲ ਦਿਤਾ ਹੈ। ਹੁਣ ਸਾਰੇ ਸਕੂਲ 1 ਅਕਤੂਬਰ, 2025 ਤੋਂ ਸਵੇਰੇ 8:30 ਵਜੇ ਖੁਲ੍ਹਣਗੇ। ਮੌਜੂਦਾ ਸਮੇਂ ਦੌਰਾਨ ਸਵੇਰੇ 8 ਵਜੇ ਖੁਲ੍ਹਦੇ ਹਨ। ਪ੍ਰਾਇਮਰੀ ਸਕੂਲਾਂ ਦਾ ਸਮਾਂ ਸਵੇਰੇ 8:30 ਵਜੇ ਤੋਂ ਦੁਪਹਿਰ 2:30 ਵਜੇ ਤਕ ਨਿਰਧਾਰਤ ਹੈ, ਜਦੋਂ ਕਿ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲ ਦੁਪਹਿਰ 2:50 ਵਜੇ ਬੰਦ ਹੋ ਜਾਣਗੇ। ਸਿਖਿਆ ਵਿਭਾਗ ਨੇ ਕਿਹਾ ਕਿ ਇਹ ਸਮਾਂ-ਸਾਰਣੀ ਪੂਰੇ ਰਾਜ ਵਿਚ ਲਾਗੂ ਹੋਵੇਗੀ ਅਤੇ ਸਾਰੇ ਸਕੂਲਾਂ ਨੂੰ ਇਸ ਦੀ ਸਖਤੀ ਨਾਲ ਪਾਲਣਾ ਕਰਨ ਦੇ ਨਿਰਦੇਸ਼ ਦਿਤੇ ਗਏ ਹਨ।

ਤਾਮਿਲਨਾਡੂ 'ਚ ਮਚੀ ਭਾਜੜ ਤੋਂ ਬਾਅਦ ਅਦਾਕਾਰ ਵਿਜੇ ਨੇ ਕੀਤਾ ਮੁਆਵਜ਼ੇ ਦਾ ਐਲਾਨ

ਕਰੂਰ। ਤਾਮਿਲਨਾਡੂ ਦੇ ਕਰੂਰ ਵਿੱਚ ਅਦਾਕਾਰ ਅਤੇ ਸਿਆਸਤਦਾਨ ਵਿਜੇ ਦੀ ਰੈਲੀ ਵਿੱਚ ਮਚੀ ਭਾਜੜ ਤੋਂ ਬਾਅਦ ਅਦਾਕਾਰ ਵਿਜੇ ਨੇ ਮੁਆਵਜ਼ੇ ਦਾ ਐਲਾਨ ਕੀਤਾ ਹੈ। ਭਾਜੜ ਦੌਰਾਨ ਘੱਟੋ-ਘੱਟ 39 ਲੋਕਾਂ ਦੀ ਮੌਤ ਹੋ ਗਈ ਅਤੇ 100 ਤੋਂ ਵੱਧ ਲੋਕ ਜ਼ਖਮੀ ਹੋ ਗਏ, ਜਿਨ੍ਹਾਂ ਦਾ ਇਸ ਸਮੇਂ ਹਸਪਤਾਲ ਵਿੱਚ ਇਲਾਜ ਚੱਲ ਰਿਹਾ ਹੈ। ਅਦਾਕਾਰ ਅਤੇ ਸਿਆਸਤਦਾਨ ਵਿਜੇ ਨੇ ਸ਼ਨੀਵਾਰ ਸ਼ਾਮ ਨੂੰ ਆਪਣੀ ਰੈਲੀ ਵਿੱਚ ਭਗਦੜ ਵਿੱਚ ਮਾਰੇ ਗਏ 39 ਲੋਕਾਂ ਦੇ ਪਰਿਵਾਰਾਂ ਲਈ 20-20 ਲੱਖ ਰੁਪਏ ਦੇ ਮੁਆਵਜ਼ੇ ਦਾ ਐਲਾਨ ਕੀਤਾ। ਟੀਵੀਕੇ ਮੁਖੀ ਨੇ ਇੱਕ ਇੰਸਟਾਗ੍ਰਾਮ ਪੋਸਟ ਵਿੱਚ ਇਹ ਵੀ ਕਿਹਾ ਕਿ ਦੁਖਦਾਈ ਹਾਦਸੇ ਵਿੱਚ ਜ਼ਖਮੀ ਹੋਏ ਲਗਭਗ 100 ਲੋਕਾਂ ਦੇ ਪਰਿਵਾਰਾਂ ਨੂੰ 2-2 ਲੱਖ ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਜਾਵੇਗੀ। ਸੋਸ਼ਲ ਮੀਡੀਆ ਪਲੇਟਫਾਰਮ ਇੰਸਟਾਗ੍ਰਾਮ 'ਤੇ ਇੱਕ ਪੋਸਟ ਵਿੱਚ, ਅਦਾਕਾਰ-ਸਿਆਸਤਦਾਨ ਵਿਜੇ ਨੇ ਕਿਹਾ ਕਿ ਉਹ ਦੁੱਖ ਨਾਲ ਭਰੇ ਹੋਏ ਹਨ। ਉਸ ਨੇ ਅੱਗੇ ਲਿਖਿਆ, "ਮੇਰੇ ਦਿਲ ਵਿੱਚ ਦਰਦ ਨੂੰ ਬਿਆਨ ਕਰਨ ਲਈ ਮੇਰੇ ਕੋਲ ਕੋਈ ਸ਼ਬਦ ਨਹੀਂ ਹਨ। ਮੇਰੀਆਂ ਅੱਖਾਂ ਅਤੇ ਮਨ ਦੁੱਖ ਨਾਲ ਭਰੇ ਹੋਏ ਹਨ। ਤੁਹਾਡੇ ਸਾਰਿਆਂ ਦੇ ਚਿਹਰੇ ਜਿਨ੍ਹਾਂ ਨੂੰ ਮੈਂ ਮਿਲਿਆ ਹਾਂ, ਮੇਰੇ ਦਿਮਾਗ ਵਿੱਚ ਝਲਕਦੇ ਰਹਿੰਦੇ ਹਨ।" ਜਿੰਨਾ ਜ਼ਿਆਦਾ ਮੈਂ ਆਪਣੇ ਅਜ਼ੀਜ਼ਾਂ ਬਾਰੇ ਸੋਚਦਾ ਹਾਂ ਜਿਨ੍ਹਾਂ ਨੇ ਪਿਆਰ ਅਤੇ ਦੇਖਭਾਲ ਦਿਖਾਈ, ਓਨਾ ਹੀ ਮੇਰਾ ਦਿਲ ਗੁਆਚਿਆ ਹੋਇਆ ਮਹਿਸੂਸ ਹੁੰਦਾ ਹੈ। ਇਸ ਪੋਸਟ ਵਿੱਚ, ਉਸਨੇ ਲਿਖਿਆ, "ਅਕਹਿ ਦਰਦ ਦੇ ਨਾਲ, ਮੈਂ ਤੁਹਾਡੇ ਸਾਰਿਆਂ ਪ੍ਰਤੀ ਆਪਣੀ ਡੂੰਘੀ ਸੰਵੇਦਨਾ ਪ੍ਰਗਟ ਕਰਦਾ ਹਾਂ ਜੋ ਅਜ਼ੀਜ਼ਾਂ ਦੇ ਵਿਛੋੜੇ 'ਤੇ ਸੋਗ ਮਨਾ ਰਹੇ ਹਨ। ਮੈਂ ਤੁਹਾਡੇ ਦਿਲਾਂ ਦੇ ਨੇੜੇ ਖੜ੍ਹਾ ਹਾਂ ਅਤੇ ਇਸ ਅਥਾਹ ਦੁੱਖ ਨੂੰ ਸਾਂਝਾ ਕਰਦਾ ਹਾਂ। ਇਹ ਸਾਡੇ ਲਈ ਸੱਚਮੁੱਚ ਇੱਕ ਨਾ ਪੂਰਾ ਹੋਣ ਵਾਲਾ ਨੁਕਸਾਨ ਹੈ। ਸਾਨੂੰ ਕੋਈ ਵੀ ਦਿਲਾਸਾ ਦੇਵੇ, ਸਾਡੇ ਅਜ਼ੀਜ਼ਾਂ ਦਾ ਨੁਕਸਾਨ ਅਸਹਿ ਹੈ। ਫਿਰ ਵੀ, ਤੁਹਾਡੇ ਪਰਿਵਾਰ ਦੇ ਇੱਕ ਮੈਂਬਰ ਦੇ ਰੂਪ ਵਿੱਚ, ਮੈਂ ਸਾਰੇ ਪਰਿਵਾਰਾਂ ਨੂੰ 20 ਲੱਖ ਰੁਪਏ ਅਤੇ ਜ਼ਖਮੀਆਂ ਨੂੰ 2 ਲੱਖ ਰੁਪਏ ਪ੍ਰਦਾਨ ਕਰਨਾ ਚਾਹੁੰਦਾ ਹਾਂ ਜੋ ਇਲਾਜ ਅਧੀਨ ਹਨ।" ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ, ਤਾਮਿਲਨਾਡੂ ਦੇ ਮੁੱਖ ਮੰਤਰੀ ਐਮ ਕੇ ਸਟਾਲਿਨ ਨੇ ਕਰੂਰ ਭਗਦੜ ਵਿੱਚ ਮਾਰੇ ਗਏ ਲੋਕਾਂ ਦੇ ਪਰਿਵਾਰਾਂ ਨੂੰ 10 ਲੱਖ ਰੁਪਏ ਦਾ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਸੀ। ਉਨ੍ਹਾਂ ਇਹ ਵੀ ਕਿਹਾ ਸੀ ਕਿ ਜ਼ਖਮੀਆਂ ਨੂੰ 1 ਲੱਖ ਰੁਪਏ ਦਿੱਤਾ ਜਾਵੇਗਾ। ਇਸ ਤੋਂ ਇਲਾਵਾ, ਪ੍ਰਧਾਨ ਮੰਤਰੀ ਮੋਦੀ ਨੇ ਦੁਖਾਂਤ ਦੇ ਹਰੇਕ ਪੀੜਤ ਦੇ ਪਰਿਵਾਰਾਂ ਲਈ ਪ੍ਰਧਾਨ ਮੰਤਰੀ ਰਾਸ਼ਟਰੀ ਰਾਹਤ ਫੰਡ ਤੋਂ 2 ਲੱਖ ਰੁਪਏ ਦਾ ਮੁਆਵਜ਼ਾ ਦੇਣ ਦਾ ਐਲਾਨ ਕੀਤਾ। ਪ੍ਰਧਾਨ ਮੰਤਰੀ ਦਫ਼ਤਰ ਨੇ ਕਿਹਾ ਕਿ ਜ਼ਖਮੀਆਂ ਨੂੰ 50,000 ਰੁਪਏ ਮਿਲਣਗੇ।

ਬਾਂਦਰਾ-ਅੰਮ੍ਰਿਤਸਰ ਪੱਛਮੀ ਐਕਸਪ੍ਰੈਸ ਦੇ ਡੱਬੇ ਇੱਕ ਘੰਟੇ ਦੇ ਅੰਦਰ ਦੋ ਵਾਰ ਵੱਖ ਹੋਏ

ਮੁੰਬਈ। ਮਹਾਰਾਸ਼ਟਰ ਅਤੇ ਗੁਜਰਾਤ ਵਿੱਚ ਅੱਜ ਇੱਕ ਘੰਟੇ ਦੇ ਅੰਦਰ ਬਾਂਦਰਾ ਟਰਮੀਨਸ-ਅੰਮ੍ਰਿਤਸਰ ਪੱਛਮੀ ਐਕਸਪ੍ਰੈਸ ਦੇ ਡੱਬਿਆਂ ਦੇ ਜੋੜ ਟੁੱਟਣ ਦੀਆਂ ਦੋ ਘਟਨਾਵਾਂ ਸਾਹਮਣੇ ਆਈਆਂ ਜਿਸ ਨਾਲ ਯਾਤਰੀਆਂ ਦੀ ਸੁਰੱਖਿਆ ਪ੍ਰਤੀ ਚਿੰਤਾਵਾਂ ਵਧੀਆਂ ਹਨ ਪਰ ਰੇਲਵੇ ਨੇ ਕਿਹਾ ਹੈ ਕਿ ਇਸ ਰੇਲ ਗੱਡੀ ਦੇ ਯਾਤਰੀ ਸੁਰੱਖਿਅਤ ਹਨ। ਪਹਿਲੀ ਘਟਨਾ ਵਾਨਗਾਓਂ ਅਤੇ ਦਹਾਨੂ ਸਟੇਸ਼ਨਾਂ ਵਿਚਕਾਰ ਦੁਪਹਿਰ 1:19 ਵਜੇ ਅਤੇ ਦੂਜੀ ਗੁਜਰਾਤ ਦੇ ਸੰਜਨ ਸਟੇਸ਼ਨ 'ਤੇ ਦੁਪਹਿਰ 2:10 ਵਜੇ ਦੇ ਕਰੀਬ ਵਾਪਰੀ। ਪੱਛਮੀ ਰੇਲਵੇ ਦੇ ਬੁਲਾਰੇ ਨੇ ਕਿਹਾ, 'ਇਸ ਦੌਰਾਨ ਕਿਸੇ ਵੀ ਯਾਤਰੀ ਨੂੰ ਕੋਈ ਸੱਟ ਨਹੀਂ ਲੱਗੀ ਤੇ ਨਾ ਹੀ ਰੇਲ ਆਵਾਜਾਈ ਵਿਚ ਵਿਘਨ ਪਿਆ। ਬੁਲਾਰੇ ਨੇ ਕਿਹਾ ਕਿ ਸੰਜਨ ਸਟੇਸ਼ਨ 'ਤੇ ਰੇਲਗੱਡੀ ਦੇ ਡੱਬੇ ਮੁੜ ਵੱਖ ਹੋਏ ਜਿਸ ਤੋਂ ਬਾਅਦ ਵਲਸਾਡ ਤੋਂ ਕੈਰੇਜ ਅਤੇ ਵੈਗਨ (ਸੀ ਐਂਡ ਡਬਲਿਊ) ਸਟਾਫ ਨੂੰ ਸੱਦਿਆ ਗਿਆ ਅਤੇ ਇੱਕ ਲੋਕੋਮੋਟਿਵ ਇੰਜਣ ਵਲਸਾਡ ਤੋਂ ਦੁਪਹਿਰ 3:15 ਵਜੇ ਘਟਨਾ ਸਥਾਨ 'ਤੇ ਸਹਾਇਤਾ ਲਈ ਰਵਾਨਾ ਹੋਇਆ। ਇਸ ਦੌਰਾਨ ਕਿਸੇ ਵੀ ਯਾਤਰੀ ਨੂੰ ਕੋਈ ਸੱਟ ਨਹੀਂ ਲੱਗੀ, ਨਾ ਹੀ ਰੇਲਗੱਡੀ ਨੂੰ ਕੋਈ ਨੁਕਸਾਨ ਹੋਇਆ; ਹਾਲਾਂਕਿ ਇਨ੍ਹਾਂ ਘਟਨਾਵਾਂ ਕਾਰਨ ਰੇਲ ਯਾਤਰਾ ਵਿੱਚ ਦੇਰੀ ਹੋਈ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com
ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

ਪੱਤਰਕਾਰਾਂ ਦੀ ਲੋੜ
ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।
Editor-in-chief : Devinder Chander
Mob: 07878 456 484
ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

ਆਈ ਲਵ ਮੁਹੰਮਦ ਵਿਵਾਦ: ਬਰੇਲੀ ਹਿੰਸਾ ਮਾਮਲੇ ਵਿੱਚ ਮੌਲਵੀ ਤੌਕੀਰ ਰਜ਼ਾ ਅਤੇ 7 ਹੋਰਾਂ ਨੂੰ ਨਿਆਂਇਕ ਹਿਰਾਸਤ ਵਿੱਚ ਭੇਜਿਆ

ਬਰੇਲੀ। ਆਈ ਲਵ ਮੁਹੰਮਦ ਮਾਮਲੇ ਵਿਚ ਪੁਲੀਸ ਨੇ ਅੱਠ ਜਣਿਆਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜਿਨ੍ਹਾਂ ਵਿੱਚ ਸਥਾਨਕ ਮੌਲਵੀ ਅਤੇ ਇਤਿਹਾਦ-ਏ-ਮਿਲਤ ਕੌਂਸਲ ਦੇ ਮੁਖੀ ਤੌਕੀਰ ਰਜ਼ਾ ਖਾਨ ਸ਼ਾਮਲ ਹਨ, ਜਿਨ੍ਹਾਂ ਦੇ 'ਆਈ ਲਵ ਮੁਹੰਮਦ' ਮੁਹਿੰਮ ਦੇ ਸਮਰਥਨ ਵਿੱਚ ਵਿਰੋਧ ਪ੍ਰਦਰਸ਼ਨ ਦੇ ਸੱਦੇ ਕਾਰਨ ਬਰੇਲੀ ਵਿੱਚ ਸ਼ੁੱਕਰਵਾਰ ਦੀ ਨਮਾਜ਼ ਤੋਂ ਬਾਅਦ ਪ੍ਰਦਰਸ਼ਨਕਾਰੀਆਂ ਅਤੇ ਪੁਲੀਸ ਦਰਮਿਆਨ ਹਿੰਸਕ ਝੜਪ ਹੋਈ। ਪੁਲੀ ਅਧਿਕਾਰੀ ਨੇ ਦੱਸਿਆ ਕਿ ਇੱਕ ਸਥਾਨਕ ਅਦਾਲਤ ਨੇ ਅੱਜ ਰਜ਼ਾ ਅਤੇ ਸੱਤ ਹੋਰਾਂ ਨੂੰ ਹਿੰਸਕ ਝੜਪ ਦੇ ਦੋਸ਼ ਹੇਠ 14 ਦਿਨਾਂ ਦੀ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ ਹੈ। ਜ਼ਿਲ੍ਹਾ ਮੈਜਿਸਟਰੇਟ ਅਵਿਨਾਸ਼ ਸਿੰਘ ਅਤੇ ਸੀਨੀਅਰ ਪੁਲੀਸ ਸੁਪਰਡੈਂਟ ਅਨੁਰਾਗ ਆਰੀਆ ਨੇ ਅੱਜ ਪ੍ਰੈਸ ਕਾਨਫਰੰਸ ਦੌਰਾਨ ਗ੍ਰਿਫ਼ਤਾਰੀਆਂ ਬਾਰੇ ਜਾਣਕਾਰੀ ਦਿੱਤੀ। ਡੀਐਮ ਸਿੰਘ ਨੇ ਕਿਹਾ ਕਿ ਬਰੇਲੀ ਹਿੰਸਾ ਮਾਮਲੇ ਦੇ ਮੁੱਖ ਸਾਜ਼ਿਸ਼ਕਰਤਾ ਮੌਲਾਨਾ ਤੌਕੀਰ ਰਜ਼ਾ ਨੂੰ ਸੱਤ ਹੋਰਾਂ ਸਣੇ ਗ੍ਰਿਫ਼ਤਾਰ ਕੀਤਾ ਗਿਆ ਹੈ ਤੇ ਉਸ ਨੂੰ ਅੱਜ ਅਦਾਲਤ ਵਿੱਚ ਪੇਸ਼ ਕੀਤਾ ਗਿਆ ਅਤੇ ਅਦਾਲਤ ਨੇ ਉਨ੍ਹਾਂ ਨੂੰ 14 ਦਿਨਾਂ ਦੀ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ ਹੈ।

ਜ਼ੁਬੀਨ ਦੀ ਮੌਤ ਦੇ ਮਾਮਲੇ ਵਿੱਚ ਉੱਤਰ-ਪੂਰਬੀ ਫੈਸਟ ਦੇ ਪ੍ਰਬੰਧਕ ਤੇ ਮੈਨੇਜਰ ਖ਼ਿਲਾਫ਼ ਲੁੱਕਆਊਟ ਨੋਟਿਸ ਜਾਰੀ: ਮੁੱਖ ਮੰਤਰੀ

ਗੁਹਾਟੀ। ਅਸਾਮ ਦੇ ਮੁੱਖ ਮੰਤਰੀ ਹਿਮੰਤਾ ਬਿਸਵਾ ਸਰਮਾ ਨੇ ਅੱਜ ਕਿਹਾ ਕਿ ਗਾਇਕ ਜ਼ੁਬੀਨ ਦੀ ਮੌਤ ਦੇ ਮਾਮਲੇ ਵਿੱਚ ਉੱਤਰ ਪੂਰਬੀ ਭਾਰਤ ਫੈਸਟੀਵਲ ਦੇ ਪ੍ਰਬੰਧਕ ਸ਼ਿਆਮਕਾਨੂ ਮਹੰਤ ਅਤੇ ਜ਼ੁਬੀਨ ਗਰਗ ਦੇ ਮੈਨੇਜਰ ਸਿਧਾਰਥ ਸ਼ਰਮਾ ਵਿਰੁੱਧ ਲੁੱਕਆਊਟ ਨੋਟਿਸ ਜਾਰੀ ਕੀਤੇ ਗਏ ਹਨ। ਫੇਸਬੁੱਕ ਲਾਈਵ ਵਿੱਚ ਸਰਮਾ ਨੇ ਕਿਹਾ ਕਿ ਦੋਵਾਂ ਨੂੰ 6 ਅਕਤੂਬਰ ਨੂੰ ਗੁਹਾਟੀ ਆਉਣਾ ਚਾਹੀਦਾ ਹੈ ਅਤੇ ਆਪਣੇ ਬਿਆਨ ਦੇਣੇ ਚਾਹੀਦੇ ਹਨ, ਨਹੀਂ ਤਾਂ ਪੁਲੀਸ ਉਨ੍ਹਾਂ ਲਈ ਤਲਾਸ਼ੀ ਮੁਹਿੰਮ ਤੇਜ਼ ਕਰੇਗੀ। ਉਨ੍ਹਾਂ ਕਿਹਾ ਕਿ ਦੁਰਗਾ ਪੂਜਾ ਤਿਉਹਾਰ ਚਲ ਰਹੇ ਹਨ ਤੇ ਇਸ ਕਰ ਕੇ ਉਹ ਹਾਲ ਦੀ ਘੜੀ ਨਾ ਆਉਣ ਪਰ ਦਸ਼ਮੀ ਤੋਂ ਬਾਅਦ ਉਨ੍ਹਾਂ ਨੂੰ ਆਉਣਾ ਪਵੇਗਾ। ਉਨ੍ਹਾਂ ਨੂੰ 6 ਅਕਤੂਬਰ ਨੂੰ ਗੁਹਾਟੀ ਆਉਣਾ ਚਾਹੀਦਾ ਹੈ ਅਤੇ ਆਪਣੇ ਬਿਆਨ ਦਰਜ ਕਰਨੇ ਚਾਹੀਦੇ ਹਨ। ਜੇਕਰ ਉਹ ਸੀਆਈਡੀ ਦੇ ਸਾਹਮਣੇ ਪੇਸ਼ ਨਹੀਂ ਹੋਣਾ ਚਾਹੁੰਦੇ, ਜੋ 19 ਸਤੰਬਰ ਨੂੰ ਸਿੰਗਾਪੁਰ ਵਿੱਚ ਸਮੁੰਦਰ ਵਿੱਚ ਡੁੱਬਣ ਨਾਲ ਗਰਗ ਦੀ ਮੌਤ ਦੀਆਂ ਘਟਨਾਵਾਂ ਦੀ ਜਾਂਚ ਕਰ ਰਹੀ ਹੈ, ਤਾਂ ਉਹ ਅਦਾਲਤ ਦਾ ਦਰਵਾਜ਼ਾ ਖੜਕਾ ਸਕਦੇ ਹਨ। ਉਨ੍ਹਾਂ ਅੱਗੇ ਕਿਹਾ ਕਿ ਮਹੰਤ ਦੇ ਬੈਂਕ ਖਾਤੇ ਅਤੇ ਕ੍ਰੈਡਿਟ ਕਾਰਡ ਫ੍ਰੀਜ਼ ਕਰ ਦਿੱਤੇ ਗਏ ਹਨ ਤਾਂ ਕਿ ਉਹ ਜ਼ਿਆਦਾ ਦੇਰ ਤੱਕ ਵਿਦੇਸ਼ ਨਾ ਰਹਿ ਸਕੇ। ਸਰਮਾ ਨੇ ਕਿਹਾ ਕਿ ਸਰਕਾਰ ਸਿੰਗਾਪੁਰ ਤੋਂ ਗਰਗ ਦੀ ਪੋਸਟਮਾਰਟਮ ਰਿਪੋਰਟ ਹਾਸਲ ਕਰਨ ਦੀ ਚਾਰਜ਼ੋਈ ਕਰ ਰਹੀ ਹੈ। ਸਰਮਾ ਨੇ ਕਿਹਾ ਕਿ ਇੱਥੇ ਗੁਹਾਟੀ ਮੈਡੀਕਲ ਕਾਲਜ ਅਤੇ ਹਸਪਤਾਲ ਵਿੱਚ ਕੀਤੀ ਗਈ ਦੂਜੀ ਪੋਸਟਮਾਰਟਮ ਜਾਂਚ ਦੀ ਰਿਪੋਰਟ ਵੀ ਤਿਆਰ ਹੈ।

ਯੂ.ਕੇ. 'ਚ ਕੰਮ ਲਈ ਪਵੇਗੀ ਡਿਜੀਟਲ ਪਛਾਣ ਪੱਤਰ ਦੀ ਲੋੜ, ਦੇਸ਼ ਵਿਚ ਗ਼ੈਰ-ਕਾਨੂੰਨੀ ਤੌਰ 'ਤੇ ਕੰਮ ਕਰਨਾ ਹੋਵੇਗਾ ਔਖਾ

ਲੰਡਨ। ਯੂ. ਕੇ. 'ਚ ਨਾਗਰਿਕਾਂ ਅਤੇ ਸਥਾਈ ਨਿਵਾਸੀਆਂ ਨੂੰ ਕੰਮ ਪ੍ਰਾਪਤ ਕਰਨ ਲਈ ਇਕ ਲਾਜ਼ਮੀ ਡਿਜੀਟਲ ਪਛਾਣ ਪੱਤਰ ਪੇਸ਼ ਕਰਨਾ ਜ਼ਰੂਰੀ ਹੋਵੇਗਾ। ਬ੍ਰਿਟਿਸ਼ ਸਰਕਾਰ ਨੇ ਸ਼ੁੱਕਰਵਾਰ ਨੂੰ ਇਸ ਦਾ ਐਲਾਨ ਕੀਤਾ। ਸਰਕਾਰ ਨੇ ਕਿਹਾ ਕਿ ਇਹ ਯੋਜਨਾ ਲੋਕਾਂ ਲਈ ਗ਼ੈਰ-ਰਸਮੀ ਅਰਥਵਿਵਸਥਾ 'ਚ ਕੰਮ ਕਰਨਾ ਔਖਾ ਬਣਾ ਦੇਵੇਗੀ, ਜਿਸ ਨਾਲ ਗ਼ੈਰ-ਕਾਨੂੰਨੀ ਇਮੀਗ੍ਰੇਸ਼ਨ ਨੂੰ ਘਟਾਉਣ 'ਚ ਮਦਦ ਮਿਲੇਗੀ। ਸਰਕਾਰ ਨੇ ਇਹ ਵੀ ਕਿਹਾ ਕਿ ਇਹ ਲੋਕਾਂ ਲਈ ਸਿਹਤ ਸੰਭਾਲ, ਭਲਾਈ ਪ੍ਰੋਗਰਾਮਾਂ, ਬੱਚਿਆਂ ਦੀ ਦੇਖਭਾਲ ਅਤੇ ਹੋਰ ਜਨਤਕ ਸੇਵਾਵਾਂ ਤਕ ਪਹੁੰਚ ਆਸਾਨ ਬਣਾ ਦੇਵੇਗੀ। ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਕਿਹਾ, 'ਇਸ ਨਾਲ ਦੇਸ਼ ਵਿਚ ਗ਼ੈਰ-ਕਾਨੂੰਨੀ ਤੌਰ 'ਤੇ ਕੰਮ ਕਰਨਾ ਔਖਾ ਹੋ ਜਾਵੇਗਾ, ਸਰਹੱਦਾਂ ਨੂੰ ਹੋਰ ਸੁਰੱਖਿਅਤ ਬਣਾਇਆ ਜਾਵੇਗਾ ਅਤੇ ਆਮ ਨਾਗਰਿਕਾਂ ਨੂੰ ਕਈ ਲਾਭ ਵੀ ਪ੍ਰਦਾਨ ਕੀਤੇ ਜਾਣਗੇ।'

SHAM LAL CHANDER ID no. 921760
BUILDING MAINTENANCE HANDYMAN
(CHECKATRADE)

Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com
Chander Consultants Limited, London, UK 07488841161

ਧਰਮ ਅਤੇ ਵਿਰਸਾ ਕਲੱਬ ਵੱਲੋਂ ਸ਼ਹੀਦ ਭਗਤ ਸਿੰਘ ਦਾ ਮਨਾਇਆ ਗਿਆ 118ਵਾਂ ਜਨਮ ਦਿਹਾੜਾ

ਲੁਧਿਆਣਾ (ਕਰਨੈਲ ਸਿੰਘ ਐੱਮ.ਏ.) ਧਰਮ ਤੇ ਵਿਰਸਾ ਕਲੱਬ ਦੀ ਸਮੁੱਚੀ ਟੀਮ ਵੱਲੋਂ ਅੱਜ ਸ਼ਹੀਦੇ ਆਜ਼ਮ ਸ੍ਰ: ਭਗਤ ਸਿੰਘ ਦਾ 118ਵਾਂ ਜਨਮ-ਦਿਨ ਮਿਲਰਗੰਜ ਵਿਖੇ ਕੇਕ ਕੱਟ ਕੇ ਮਨਾਇਆ ਗਿਆ । ਸਮੁੱਚੀ ਟੀਮ ਨੇ ਗੱਲ ਕਰਦਿਆਂ ਕਿਹਾ ਕਿ ਕੌਮੀ ਸ਼ਹੀਦਾਂ ਦੇ ਦਿਹਾੜੇ ਸਮੁੱਚੇ ਭਾਰਤ ਵਾਸੀਆਂ ਨੂੰ ਮਨਾਉਣੇ ਚਾਹੀਦੇ ਹਨ । ਉਨ੍ਹਾਂ ਕਿਹਾ ਕਿ ਭਗਤ ਸਿੰਘ ਇਨਕਲਾਬੀ ਹੋਣ ਦੇ ਨਾਲ-ਨਾਲ ਮੌਲਿਕ ਚਿੰਤਕ ਵੀ ਸਨ। ਉਸ ਨੇ ਸਮਾਜਿਕ, ਸਿਆਸੀ ਅਤੇ ਸੱਭਿਆਚਾਰਕ ਵਰਤਾਰਿਆਂ ਨੂੰ ਤਰਕਸ਼ੀਲ ਤਰੀਕੇ ਨਾਲ ਘੋਖਿਆ ਅਤੇ ਉਨ੍ਹਾਂ ਬਾਰੇ ਵਿਚਾਰ ਪ੍ਰਗਟਾਏ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਲੱਬ ਚੇਅਰਮੈਨ ਇੰਦਰਪ੍ਰੀਤ ਸਿੰਘ ਟਿਵਾਣਾ, ਵਾਈਸ ਚੇਅਰਮੈਨ ਮਨਜੀਤ ਸਿੰਘ ਹਰਮਨ, ਪ੍ਰਧਾਨ ਸਰੂਪ ਸਿੰਘ ਮਠਾੜੂ ਕੈਸ਼ੀਅਰ ਸੁਰਜੀਤ ਸਿੰਘ ਨੈਬਸਨ, ਹਰਜੀਤ ਸਿੰਘ ਤੱਗੜ, ਪ੍ਰਿੰਸ ਉੱਪਲ, ਹਰਮਨ ਸਿੰਘ, ਮਨੀ ਮਠਾੜੂ, ਸੁਖਵਿੰਦਰ ਸਿੰਘ ਮੁੱਖਾ, ਹਨੀ ਮਠਾੜੂ, ਸਤਨਾਮ ਸਿੰਘ, ਬਲਜਿੰਦਰ ਸਿੰਘ, ਸ਼ਿਵ ਕੁਮਾਰ, ਅਭੈ ਵਰਮਾ, ਅਮਨ ਯਾਦਵ, ਲਵਜੋਤ ਸਿੰਘ, ਰਵੀ ਸਿੰਘ ਖਾਲਸਾ, ਹਰਪ੍ਰੀਤ ਸਿੰਘ, ਗਗਨਦੀਪ ਸਿੰਘ, ਰਮਨਜੋਤ ਸਿੰਘ, ਜਪਨੀਤ ਸਿੰਘ, ਵਿਸ਼ਾਲ ਕੁਮਾਰ, ਅੰਮਿਤ ਕੁਮਾਰ, ਰਾਜਦੀਪ ਸਿੰਘ, ਗੁਰਚਰਨ ਸਿੰਘ, ਕਮਲ, ਜਗਦਿਆਲ ਸਿੰਘ ਰੂਬੀ, ਜਸਕਰਨ ਸਿੰਘ, ਵਿੱਕੀ ਵਰਮਾ, ਹਰਬੀਰ ਸਿੰਘ, ਪ੍ਰਦੀਪ ਸਿੰਘ ਵੀ ਹਾਜ਼ਰ ਸਨ।

ਸ਼ਹੀਦ ਭਗਤ ਸਿੰਘ ਦਾ ਜਨਮ ਦਿਹਾੜਾ ਕੇਕ ਕੱਟਕੇ ਮਨਾਉਂਦੇ ਹੋਏ ਧਰਮ ਅਤੇ ਵਿਰਸਾ ਕਲੱਬ ਦੀ ਸਮੁੱਚੀ ਟੀਮ।

ਰੋਟਰੀ ਕਲੱਬ ਇਲੀਟ ਵਲੋਂ 15 ਅਧਿਆਪਕਾਂ ਦਾ ਨੇਸ਼ਨ ਬਿਲਡਰ ਐਵਾਰਡ ਨਾਲ ਸਨਮਾਨ

ਅਧਿਆਪਕਾਂ ਦਾ ਚੰਗੇ ਸਮਾਜ ਦੀ ਸਿਰਜਣਾ ਵਿਚ ਅਹਿਮ ਯੋਗਦਾਨ-ਡਾ. ਸੁਰਜੀਤ ਕੌਰ

ਕਪੂਰਥਲਾ, 28 ਸਤੰਬਰ (ਵਿਸ਼ੇਸ਼ ਪ੍ਰਤੀਨਿਧ)-ਰੋਟਰੀ ਕਲੱਬ ਕਪੂਰਥਲਾ ਇਲੀਟ ਵਲੋਂ ਸਾਖਰਤਾ ਮਿਸ਼ਨ ਤਹਿਤ ਅਧਿਆਪਕ ਦਿਵਸ ਨੂੰ ਸਮਰਪਿਤ ਵਿਸ਼ੇਸ਼ ਸਮਾਗਮ ਕਰਵਾਇਆ ਗਿਆ । ਕਲੱਬ ਦੇ ਪ੍ਰਧਾਨ ਅੰਕੁਰ ਵਾਲੀਆ, ਸਕੱਤਰ ਸਿਮਰਨਪ੍ਰੀਤ ਸਿੰਘ ਤੇ ਪ੍ਰੋਜੈਕਟ ਚੇਅਰਮੈਨ ਅਮਰਜੀਤ ਸਿੰਘ ਸਡਾਨਾ ਦੇ ਉਦਮ ਸਦਕਾ ਕਰਵਾਏ ਗਏ ਇਸ ਸਮਾਗਮ ਦੌਰਾਨ ਇਨਰਵੀਲ ਕਲੱਬ ਦੇ ਸਾਬਕਾ ਇੰਟਰਨੈਸ਼ਨਲ ਡਾਇਰੈਕਟਰ ਤੇ ਸਾਬਕਾ ਐਸੋਸੀਏਸ਼ਨ ਪ੍ਰਧਾਨ ਡਾ. ਸੁਰਜੀਤ ਕੌਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ । ਜਦਕਿ ਸਾਬਕਾ ਡਿਸਟਿਕ ਗਵਰਨਰ ਡਾ. ਸਰਬਜੀਤ ਸਿੰਘ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ । ਸਮਾਗਮ ਦੌਰਾਨ ਸਟੇਜ ਸਕੱਤਰ ਦੇ ਫ਼ਰਜ ਨਿਭਾਉਂਦਿਆਂ ਰੋਟੇਰੀਅਨ ਅਮਰਜੀਤ ਸਿੰਘ ਸਡਾਨਾ ਆਏ ਹੋਏ ਮੁੱਖ ਮਹਿਮਾਨ ਤੇ ਅਧਿਆਪਕ ਸਹਿਬਾਨ ਨੂੰ ਜੀ ਆਇਆਂ ਕਿਹਾ । ਇਸ ਮੌਕੇ ਡਾ. ਸਰਬਜੀਤ ਸਿੰਘ ਨੇ ਅਧਿਆਪਕ ਦਿਵਸ ਸਬੰਧੀ ਤੇ ਅਧਿਆਪਕਾਂ ਦੇ ਸਤਿਕਾਰ ਨੂੰ ਲੈ ਕੇ ਹਾਜ਼ਰਾਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ । ਇਸ ਮੌਕੇ ਬੋਲਦਿਆਂ ਮੁੱਖ ਮਹਿਮਾਨ ਡਾ. ਸੁਰਜੀਤ ਕੌਰ ਨੇ ਕਿਹਾ ਕਿ ਚੰਗੇ ਸਮਾਜ ਦੀ ਸਿਰਜਣਾ ਲਈ ਅਧਿਆਪਕ ਵਰਗ ਦਾ ਵਿਸ਼ੇਸ਼ ਯੋਗਦਾਨ ਹੈ । ਜਿਸਨੂੰ ਕਦੇ ਵੀ ਵਿਸਾਰਿਆ ਨਹੀਂ ਜਾ ਸਕਦਾ ਤੇ ਅਧਿਆਪਕ ਹੀ ਚੰਗਾ ਜੀਵਨ ਜੀਉਣ ਦਾ ਢੰਗ ਦੱਸਦੇ ਹਨ ਤੇ ਅਧਿਆਪਕਾਂ ਪਾਸੋਂ ਵਿੱਦਿਆ ਹਾਸਲ ਕਰਕੇ ਹੀ ਅਸੀਂ ਸਮਾਜ ਵਿਚ ਵੱਖ-ਵੱਖ ਅਹੁਦਿਆਂ 'ਤੇ ਰਹਿ ਕੇ ਲੋਕਾਂ ਦੀ ਸੇਵਾ ਕਰਨ ਦੇ ਕਾਬਲ ਹੁੰਦੇ ਹਾਂ । ਰੋਟਰੀ ਕਲੱਬ ਇਲੀਟ ਵਲੋਂ 15 ਵੱਖ-ਵੱਖ ਸਕੂਲਾਂ ਕਾਲਜਾਂ ਨਾਲ ਸਬੰਧਿਤ ਅਧਿਆਪਕਾਂ ਦਾ ਨੇਸ਼ਨ ਬਿਲਡਰ ਐਵਾਰਡ ਨਾਲ ਸਨਮਾਨ ਕੀਤਾ ਗਿਆ । ਜਿਸ ਵਿਚ ਰਾਜਨਜੋਤ ਸਿੰਘ ਖਹਿਰਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਲਾ ਸੰਘਿਆਂ, ਸ਼ੁਭਦਰਸ਼ਨ ਨਰਾਇਣ ਆਨੰਦ ਸਰਕਾਰੀ ਹਾਈ ਸਕੂਲ ਖਾਨੋਵਾਲ, ਪ੍ਰੋ. ਹਰਸਿਮਰਨ ਕੌਰ ਸਡਾਨਾ ਸਰਕਾਰੀ ਕਾਲਜ ਕਪੂਰਥਲਾ, ਡਾ. ਭੁਪਿੰਦਰ ਕੌਰ ਹਿੰਦੂ ਕੰਨਿਆ ਕਾਲਜ ਕਪੂਰਥਲਾ, ਪੁਨੀਤ ਪਾਸੀ ਕਾਰਜਕਾਰੀ ਪ੍ਰਿੰਸੀਪਲ ਐਮ.ਡੀ.ਐਸ.ਡੀ. ਸਕੂਲ, ਬਿਕਰਮਜੀਤ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭੰਡਾਲ ਬੇਟ, ਸ੍ਰੀਮਤੀ ਅੰਜਨਾ ਆਰਟ ਆਫ ਲੀਵਿੰਗ ਸਕੂਲ ਰੇਲਵੇ ਰੋਡ, ਐਡਵੋਕੇਟ ਵਿਸ਼ਾਲ ਅਹੂਜਾ ਵਲੰਟੀਅਰ ਪ੍ਰੋ. ਸਰਕਾਰੀ ਕਾਲਜ ਕਪੂਰਥਲਾ, ਮਨਿੰਦਰ ਕੌਰ, ਸਰਕਾਰੀ ਸਕੂਲ ਨੱਥੂ ਚਾਹਲ, ਰਿਤੂ ਸ਼ਰਮਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖੀਰਾਂਵਾਲੀ, ਸੰਜੇ ਕੁਮਾਰ ਭੱਟ ਮੁਖੀ ਫਿਜ਼ੀਕਲ ਐਜੂਕੇਸ਼ਨ ਵਿਭਾਗ ਐਮ.ਜੀ.ਐਨ. ਸਕੂਲ, ਹਰਜਿੰਦਰ ਸਿੰਘ ਫਿਜ਼ੀਕਲ ਐਜੂਕੇਸ਼ਨ ਅਧਿਆਪਕ ਪ੍ਰੀਤਾ ਲੀ ਲੈਸਨ ਸਕੂਲ, ਰਮਨਦੀਪ ਕੌਰ ਸਰਕਾਰੀ ਪ੍ਰਾਇਮਰੀ ਸਕੂਲ ਮੰਡੀ, ਨਾਇਬ ਸਿੰਘ ਸਰਕਾਰੀ ਪ੍ਰਾਇਮਰੀ ਸਕੂਲ ਬਘਾਣਾ ਫਗਵਾੜਾ ਤੇ ਸੁਮੰਨਿਆ ਉੱਪਲ ਸ਼ਾਮਲ ਸਨ । ਇਨ੍ਹਾਂ ਅਧਿਆਪਕਾਂ ਨੂੰ ਮੁੱਖ ਮਹਿਮਾਨ ਡਾ. ਸੁਰਜੀਤ ਕੌਰ, ਡਾ. ਸਰਬਜੀਤ ਸਿੰਘ ਤੇ ਕਲੱਬ ਅਹੁਦੇਦਾਰਾਂ ਵਲੋਂ ਸਰਟੀਫਿਕੇਟ ਦੇ ਕੇ ਸਨਮਾਨ ਕਰਨ ਦੇ ਨਾਲ-ਨਾਲ ਵਾਤਾਵਰਨ ਪਲਾਸਟਿਕ ਮੁਕਤ ਬਣਾਉਣ ਦੇ ਮਨੋਰਥ ਨਾਲ ਵਿਸ਼ੇਸ਼ ਤੌਰ 'ਤੇ ਤਿਆਰ ਕਰਵਾਏ ਜੂਟ ਦੇ ਬੈਗ ਵੀ ਦਿੱਤੇ ਗਏ ਤਾਂ ਜੋ ਅਧਿਆਪਕ ਬੱਚਿਆਂ ਨੂੰ ਵੀ ਪਲਾਸਟਿਕ ਮੁਕਤ ਸਮਾਜ ਬਣਾਉਣ ਲਈ ਪ੍ਰੇਰਿਤ ਕਰਨ । ਸਮਾਗਮ ਦੇ ਅੰਤ ਵਿਚ ਰੋਟੇਰੀਅਨ ਸੁਕੇਸ਼ ਜੋਸ਼ੀ ਨੇ ਆਏ ਹੋਏ ਮਹਿਮਾਨਾਂ ਤੇ ਅਧਿਆਪਕ ਸਹਿਬਾਨ ਦਾ ਧੰਨਵਾਦ ਕੀਤਾ । ਇਸ ਮੌਕੇ ਰੋਟੇਰੀਅਨ ਰਾਹੁਲ ਆਨੰਦ, ਕੰਵਲਪ੍ਰੀਤ ਸਿੰਘ ਕੌੜਾ ਤੇ ਹੋਰ ਹਾਜ਼ਰ ਸਨ ।

ਅਧਿਆਪਕਾਂ ਨੂੰ ਨੇਸ਼ਨ ਬਿਲਡਰ ਐਵਾਰਡ ਨਾਲ ਸਨਮਾਨਿਤ ਕਰਨ ਉਪਰੰਤ ਖੜੇ ਡਾ. ਸੁਰਜੀਤ ਕੌਰ, ਡਾ. ਸਰਬਜੀਤ ਸਿੰਘ, ਅਮਰਜੀਤ ਸਿੰਘ ਸਡਾਨਾ, ਅੰਕੁਰ ਵਾਲੀਆ, ਰਾਹੁਲ ਆਨੰਦ, ਸੁਕੇਸ਼ ਜੋਸ਼ੀ, ਸਿਮਰਨਪ੍ਰੀਤ ਸਿੰਘ ਤੇ ਕੰਵਲਪ੍ਰੀਤ ਸਿੰਘ ਕੌੜਾ।

ਸੰਤੋਸ਼ ਕਟਾਰੀਆ ਨੇ ਕੁਲਦੀਪ ਸਿੰਘ ਨੂੰ ਐਸੀ ਵਿੰਗ ਦਾ ਪ੍ਰਧਾਨ ਲੱਗਣ ਤੇ ਦਿੱਤੀਆਂ ਮੁਬਾਰਕਾਂ

ਬਲਾਚੌਰ 28 ਸਤੰਬਰ (ਜਤਿੰਦਰ ਪਾਲ ਸਿੰਘ ਕਲੇਰ) ਆਮ ਆਦਮੀ ਪਾਰਟੀ ਪੰਜਾਬ ਇੰਚਾਰਜ ਮਨੀਸ਼ ਸਿਸੋਦੀਆ ਅਤੇ ਪਾਰਟੀ ਪ੍ਰਧਾਨ ਅਮਨ ਅਰੋੜਾ ਦੇ ਦਿਸ਼ਾ ਨਿਰਦੇਸ਼ਾਂ ਹੇਠ ਸੰਗਠਨਾਤਮਕ ਢਾਂਚੇ ਦਾ ਵਿਸਥਾਰ ਕਰਦੇ ਹੋਏ ਕੁਲਦੀਪ ਸਿੰਘ ਜੀ ਨੂੰ ਐਸਸੀ ਵਿੰਗ ਹਲਕਾ ਬਲਾਚੌਰ ਦਾ ਕੋਆਰਡੀਨੇਟਰ ਨਿਯੁਕਤ ਕਰਨ ਲਈ ਪਾਰਟੀ ਦੀ ਪੂਰੀ ਲੀਡਰਸ਼ਿਪ ਦਾ ਤਹਿ-ਦਿਲੋਂ ਧੰਨਵਾਦ। ਇਸ ਮਹੱਤਵਪੂਰਨ ਜਿੰਮੇਵਾਰੀ ਲਈ ਕੁਲਦੀਪ ਸਿੰਘ ਜੀ ਨੂੰ ਦਿਲੋਂ ਬਹੁਤ-ਬਹੁਤ ਮੁਬਾਰਕਾਂ। ਮੈਨੂੰ ਪੂਰਾ ਵਿਸ਼ਵਾਸ ਹੈ ਕਿ ਤੁਸੀਂ ਪਾਰਟੀ ਵੱਲੋਂ ਸੌਂਪੀ ਗਈ ਇਸ ਜਿੰਮੇਵਾਰੀ ਨੂੰ ਇਮਾਨਦਾਰੀ, ਤਨਦੇਹੀ ਅਤੇ ਮਿਹਨਤ ਨਾਲ ਨਿਭਾਉਗੇ। ਵਾਹਿਗੁਰੂ ਤੁਹਾਨੂੰ ਹਮੇਸ਼ਾ ਚੜ੍ਹਦੀ ਕਲਾ, ਖੁਸ਼ਹਾਲੀ ਬਖਸ਼ੇ। ਮੈਡਮ ਸ਼ੰਤੋਸ਼ ਕਟਾਰੀਆ ਨੇ ਦੱਸਿਆ ਕਿ ਇਹ ਉਹਨਾਂ ਦੀ ਲੰਮੇ ਸਮੇਂ ਤੋਂ ਕੀਤੀ ਕਾਢੀ ਮਿਹਨਤ, ਨੌਜਵਾਨਾਂ ਨਾਲ ਡੂੰਘੇ ਜੋੜ, ਸਮਾਜ ਪ੍ਰਤੀ ਫ਼ਰਜ਼ ਨਿਭਾਉਂਦੇ ਯੋਗਦਾਨ ਅਤੇ ਲੋਕਾਂ ਦੇ ਭਰੋਸੇ ਦਾ ਸਿੱਧਾ ਨਤੀਜਾ ਹੈ। ਵਿਧਾਇਕਾ ਨੇ ਕਿਹਾ ਕਿ ਕੁਲਦੀਪ ਹਮੇਸ਼ਾਂ ਨੌਜਵਾਨਾਂ ਦੀ ਆਵਾਜ਼ ਬਣ ਕੇ ਉਨ੍ਹਾਂ ਦੇ ਹੱਕਾਂ ਲਈ ਅਡਿੱਗ ਰਹੇ ਹਨ। ਉਹਨਾਂ ਨੇ ਭਰੋਸਾ ਜ਼ਾਹਰ ਕੀਤਾ ਕਿ ਭਵਿੱਖ ਵਿੱਚ ਵੀ ਕੁਲਦੀਪ ਹਲਕੇ ਦੇ ਹਰ ਪਿੰਡ ਦੇ ਵਿਕਾਸ ਲਈ ਆਪਣਾ ਮਹੱਤਵਪੂਰਨ ਯੋਗਦਾਨ ਪਾਉਂਦੇ ਰਹਿਣਗੇ ਅਤੇ ਨੌਜਵਾਨਾਂ ਦੇ ਸੁਨਹਿਰੇ ਭਵਿੱਖ ਦੀ ਨੀਂਹ ਮਜ਼ਬੂਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਣਗੇ। ਬੀਬੀ ਸੰਤੋਸ਼ ਕਟਾਰੀਆ ਨੇ ਉਨ੍ਹਾਂ ਨੂੰ ਨਵੇਂ ਅਹੁਦੇ 'ਤੇ ਚਾਰਜ ਸੰਭਾਲਣ ਲਈ ਸ਼ੁਭਕਾਮਨਾਵਾਂ ਦਿੰਦਿਆ ਕਿਹਾ ਕਿ ਇਹ ਹਲਕੇ ਲਈ ਵੀ ਮਾਣ ਦੀ ਗੱਲ ਹੈ ਕਿ ਯੂਥ ਆਗੂ ਸਮਾਜ ਅਤੇ ਖੇਤਰ ਦੀ ਖੁਸ਼ਹਾਲੀ ਲਈ ਦ੍ਰਿੜ ਸੰਕਲਪ ਨਾਲ ਅੱਗੇ ਵੱਧ ਰਿਹਾ ਹੈ। ਇਸ ਮੌਕੇ ਸੀਨੀਅਰ ਆਗੂ ਅਸ਼ੋਕ ਕਟਾਰੀਆ,ਹਨੀ ਯੋਗੇਵਾਲ , ਵਾਈਸ ਪ੍ਰਧਾਨ ਰਣਜੀਤ ਕਾਕਾ ,ਗੋਪੀ ਬਲਾਚੌਰ, ਅਮਿਤ ਚੰਦਨ , ਵਿਸ਼ੂ ਰਾਣਾ ,ਸਨੀਲ ਡੂੰਬਲਾ ਆਦਿ ਹਾਜਰ ਸਨ ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

ਸਤਨਾਮ ਜਲਾਲਪੁਰ ਜਿਲ੍ਹਾ ਟੀਮ ਨਾਲ ਸ਼ਹੀਦ ਏ ਆਜ਼ਮ ਸਰਦਾਰ ਭਗਤ ਸਿੰਘ ਜੀ ਦੇ 118ਵੇਂ ਜਨਮਦਿਨ ਤੇ ਖਟਕੜ ਕਲਾਂ ਵਿਖੇ ਹੋਏ ਨਤਮਸਤਕ...

ਨਵਾਂ ਸ਼ਹਿਰ (ਜਤਿੰਦਰ ਪਾਲ ਸਿੰਘ ਕਲੇਰ) ਅੱਜ ਸ਼ਹੀਦ ਏ ਆਜ਼ਮ ਸਰਦਾਰ ਭਗਤ ਸਿੰਘ ਜੀ ਦੇ 118 ਵੇਂ ਜਨਮ ਦਿਨ ਤੇ ਆਮ ਆਦਮੀ ਪਾਰਟੀ ਦੀ ਜਿਲ੍ਹੇਂ ਦੀ ਸਾਰੀ ਸੀਨੀਅਰ ਟੀਮ ਖਟਕੜ ਕਲਾਂ ਵਿਖੇ ਨਤਮਸਤਕ ਹੋਈ ਆਮ ਆਦਮੀ ਪਾਰਟੀ ਦੀ ਜਦੋਂ ਤੋਂ ਪੰਜਾਬ ਵਿੱਚ ਸਰਕਾਰ ਆਈ ਹੈ, ਉਹ ਸ਼ਹੀਦ ਏ ਆਜ਼ਮ ਸਰਦਾਰ ਭਗਤ ਸਿੰਘ ਜੀ ਦੀ ਸੋਚ ਨੂੰ ਲੈ ਕੇ ਸਰਕਾਰ ਚਲਾ ਰਹੀ ਹੈ। ਇਤਿਹਾਸ ਵਿੱਚ ਪਹਿਲੀ ਵਾਰ ਹੋਇਆ ਕਿ ਪੰਜਾਬ ਦੇ ਮੁੱਖ ਮੰਤਰੀ ਨੇ ਖਟਕੜ ਕਲਾਂ ਵਿਖੇ ਜਿੱਥੇ ਕਿ ਉਹਨਾਂ ਦਾ ਪੈਤਰਿਕ ਘਰ ਹੈ ਉੱਥੇ ਸੌ ਚੁੱਕ ਸਮਾਗਮ ਹੋਇਆ ਜਿੱਥੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਹਮੇਸ਼ਾ ਹੀ ਉਹਨਾਂ ਦੇ ਸ਼ਹੀਦੀ ਦਿਹਾੜੇ ਅਤੇ ਜਨਮ ਦਿਨ

ਮੌਕੇ ਉਹਨਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨ ਲਈ ਖੜਕੜ ਕਲਾਂ ਵਿਖੇ ਪਹੁੰਚਦੇ ਹਨ ਕਿਸੇ ਕੜੀ ਤਹਿਤ ਅੱਜ ਉਹਨਾਂ ਦੇ ਜਨਮ ਦਿਵਸ ਤੇ ਮੁੱਖ ਮੰਤਰੀ ਜੀ ਨੇ ਖੜਕੜ ਕਲਾਂ ਪਹੁੰਚ ਕੇ ਉਹਨਾਂ ਦੀ ਪ੍ਰਤਿਮਾ ਦੇ ਸ਼ਰਧਾਂਜਲੀ ਭੇਟ ਕੀਤੀ । ਜਿਲ੍ਹਾਂ ਪ੍ਰਧਾਨ ਅਤੇ ਚੇਅਰਮੈਨ ਜਿਲ੍ਹਾਂ ਪਲੈਨਿੰਗ ਬੋਰਡ ਸ਼ਹੀਦ ਭਗਤ ਸਿੰਘ ਨਗਰ ਸਤਨਾਮ ਜਲਾਲਪੁਰ ਨੇ ਦੱਸਿਆ ਕਿ ਅੱਜ ਇਸ ਮੌਕੇ ਮੈਂਬਰ ਪਾਰਲੀਮੈਂਟ ਸਰਦਾਰ ਮਲਵਿੰਦਰ ਸਿੰਘ ਕੰਗ ,ਐਮਐਲਏ ਸ਼੍ਰੀਮਤੀ ਸੰਤੋਸ਼ ਕਟਾਰੀਆ, ਲੋਕ , ਸਤਨਾਮ ਸਿੰਘ ਜਲਵਾਹਾ, ਬ੍ਰਿਗੇਡੀਅਰ ਰਾਜ ਕੁਮਾਰ, ਚੇਅਰਮੈਨ ਗਗਨ ਅਗਨੀਹੋਤਰੀ, ਸੇਠੀ ਉਧਨੋਵਾਲ, ਬਲਵੀਰ ਕਰਨਾਣਾ, ਹਰਜੋਤ ਲੋਹਟੀਆ,ਰੋਬੀ ਕੰਗ, ਵਨੀਤ ਜਾੜਲਾ, ਪਵਨਜੀਤ ਸਿੱਧੂ ਤੋਂ ਇਲਾਵਾ ਜ਼ਿਲਾ ਪ੍ਰਸ਼ਾਸਨ ਦੀ ਸਾਰੀ ਟੀਮ ਹਾਜ਼ਰ ਸੀ।

ਪ੍ਰਿੰਸਿਪਲ ਗੀਤਿਕਾ ਚੰਦੇਲ ਨੂੰ ਜੀ ਐਨ ਏ ਯੂਨੀਵਰਸਿਟੀ ਵੱਲੋਂ "ਐਕੈਡਮਿਕ ਐਕਸੀਲੈਂਸ ਅਵਾਰਡ" ਨਾਲ ਕੀਤਾ ਸਨਮਾਨਿਤ

ਬਲਾਚੌਰ (ਜਤਿੰਦਰ ਪਾਲ ਸਿੰਘ ਕਲੇਰ) ਸਿੱਖਿਆ ਖੇਤਰ ਵਿੱਚ ਸ਼ਾਨਦਾਰ ਯੋਗਦਾਨ ਲਈ ਨਿਊ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਸੜੋਆ ਦੇ ਪ੍ਰਿੰਸਿਪਲ ਗੀਤਿਕਾ ਚੰਦੇਲ ਨੂੰ ਜੀ ਐਨ ਏ ਯੂਨੀਵਰਸਿਟੀ ਵੱਲੋਂ "ਐਕੈਡਮਿਕ ਐਕਸੀਲੈਂਸ ਅਵਾਰਡ" ਨਾਲ ਸਨਮਾਨਿਤ ਕੀਤਾ ਗਿਆ। ਇਹ ਸਨਮਾਨ ਯੂਨੀਵਰਸਿਟੀ ਦੇ ਵਾਰਸ਼ਿਕ ਸਮਾਰੋਹ ਦੌਰਾਨ ਪ੍ਰਦਾਨ ਕੀਤਾ ਗਿਆ।ਯੂਨੀਵਰਸਿਟੀ ਦੇ ਚਾਂਸਲਰ ਨੇ ਪ੍ਰਿੰਸਿਪਲ ਦੀਆਂ ਸਿੱਖਿਆ ਵਿੱਚ ਨਵੀਂ ਸੋਚ, ਵਿਦਿਆਰਥੀਆਂ ਨੂੰ ਉੱਚ ਗੁਣਵੱਤਾ ਵਾਲੀ ਸਿੱਖਿਆ ਦੇਣ ਅਤੇ ਸਿੱਖਿਆ ਦੇ ਮਾਪਦੰਡ ਉੱਚੇ ਕਰਨ ਲਈ ਕੀਤੀਆਂ ਕੋਸ਼ਿਸ਼ਾਂ ਦੀ ਸਰਾਹਨਾ ਕੀਤੀ।ਇਸ ਮੌਕੇ ਤੇ ਪ੍ਰਿੰਸੀਪਲ

ਗੀਤਿਕਾ ਚੰਦੇਲ ਨੇ ਕਿਹਾ ਕਿ ਇਹ ਅਵਾਰਡ ਪੂਰੀ ਟੀਮ ਦੀ ਮਿਹਨਤ ਦਾ ਨਤੀਜਾ ਹੈ ਅਤੇ ਉਹ ਅੱਗੇ ਵੀ ਵਿਦਿਆਰਥੀਆਂ ਨੂੰ ਬਿਹਤਰੀਨ ਸਿੱਖਿਆ ਦੇਣ ਲਈ ਵਚਨਬੱਧ ਹਨ। ਇਸ ਮੌਕੇ ਤੇ ਨਿਊ ਦਰਸ਼ ਪਬਲਿਕ ਸਕੂਲ ਦੇ ਐਮਡੀ ਸੰਜੇ ਮਲੋਤਰਾ ਨੇ ਪ੍ਰਿੰਸੀਪਲ ਗੀਤਿਕਾ ਚੰਦੇਲ ਨੂੰ ਵਧਾਈ ਦਿੱਤੀ ਅਤੇ ਉਹਨਾਂ ਨੇ ਕਿਹਾ ਕਿ ਇਹ ਅਵਾਰਡ ਪ੍ਰਿੰਸੀਪਲ ਗੀਤਿਕਾ ਚੰਦੇਲ ਦੀ ਮੈਂ ਇਹਨਾਂ ਤੋਂ ਸਦਕਾ ਇਹਨਾਂ ਨੂੰ ਪ੍ਰਾਪਤ ਹੋਇਆ।

ਅੰਤਰਰਾਸ਼ਟਰੀ ਸ਼ਾਂਤੀ ਦਿਵਸ ਡੇਰਾ ਮੁਖੀ ਉਪ ਗੱਦੀ ਨਸ਼ੀਨ ਸ਼ਾਂਤੀ ਦੂਤ ਸਾਂਈ ਸਲੀਮ ਸੁਲਤਾਨੀ ਦੀ ਦੇਖ ਰੇਖ ਹੇਠ ਮਨਾਇਆ ਗਿਆ

ਫਿਲੌਰ/ਅੱਪਰਾ (ਦੀਪਾ)-ਦਾਤਾ ਦਰਬਾਰ ਗੁਰਾਇਆ (ਜਲੰਧਰ) ਵਿਖੇ 37ਵੇਂ ਸਲਾਨਾ ਵਿਸ਼ਵ ਸ਼ਾਂਤੀ ਨੂੰ ਸਮਰਪਿਤ ਜੋੜ ਮੇਲੇ ਦੌਰਾਨ ਮੈਸੰਜਰ ਆਫ ਪੀਸ ਮਿਸ਼ਨ ਇੰਡੀਆ ਦੁਆਰਾ 9ਵਾਂ ਅੰਤਰਰਾਸ਼ਟਰੀ ਸ਼ਾਂਤੀ ਦਿਵਸ ਡੇਰਾ ਮੁਖੀ ਉਪ ਗੱਦੀ ਨਸ਼ੀਨ ਸ਼ਾਂਤੀ ਦੂਤ ਸਾਂਈ ਸਲੀਮ ਸੁਲਤਾਨੀ ਦੀ ਦੇਖ ਰੇਖ ਹੇਠ ਮਨਾਇਆ ਗਿਆ। ਇਸ ਮੌਕੇ ਖਾਸ ਤੌਰ ਤੇ ਨਗਰ ਕੌਂਸਲ ਗਰਾਇਆ ਦੇ ਪ੍ਰਧਾਨ ਹਰਮੇਸ਼ ਲਾਲ ਜੀ ਪਹੁੰਚੇ ਇਸ ਮੌਕੇ ਮੈਸੰਜਰ ਆਫ ਪੀਸ ਮਿਸ਼ਨ ਦੇ ਮੁੱਖ ਪਰਚਾਰਕ, ਉਪ ਚੇਅਰਮੈਨ ਅਤੇ ਉੱਘੇ ਸਮਾਜ ਸੇਵਕ ਸੰਜੀਵ ਹੀਰ ਵਲੋਂ ਸ਼ਾਂਤੀ ਪੁਰਸਕਾਰ 2025 ਨਾਂਵਾਂ ਦੀ ਘੋਸ਼ਣਾ ਕੀਤੀ ਗਈ ਜਿਸ ਵਿਚ ਐਡਵੋਕੇਟ ਨਸੀਮ ਖਾਨ ਨੂੰ ਆਪਣੇ ਪੇਸ਼ੇ ਵਕਾਲਤ ਵਿੱਚ ਵਧੀਆ ਸੇਵਾਵਾਂ ਅਤੇ ਹੈਪੀ ਮਾਹੀ ਨੂੰ ਖ਼ੂਨ ਦਾਨ ਦੀ ਮਹਾਨ ਸੇਵਾ ਕਰਨ ਕਰਕੇ ਨਾਮਜ਼ਦ ਕੀਤਾ ਗਿਆ, ਇਸ ਮੌਕੇ ਸਲੀਮ ਸੁਲਤਾਨੀ ਨੇ ਆਪਣੇ ਭਾਸ਼ਣ ਵਿੱਚ ਕਿਹਾ ਕਿ ਅਜੋਕੇ ਸਮੇ ਵਿੱਚ ਇਨਸਾਨ ਨੇ ਸਭ ਕੁਝ ਪ੍ਰਾਪਤ ਕਰ ਲਿਆ ਪਰ ਆਪਣੀ ਸ਼ਾਂਤੀ ਤੇ ਸਕੂਨ ਨੂੰ ਗਵਾ ਲਿਆ ਜਿਸ ਕਰਕੇ ਇਨਸਾਨੀ ਜਿੰਦਗੀ ਵਿੱਚ ਬੀਮਾਰੀਆਂ, ਫਿਕਰਮੰਦੀ, ਤੇ ਭੇਰੋਸਗੀ ਦਾ ਮਾਹੌਲ ਬਣ ਗਿਆ ਹੈ ਸੋ ਇਸ ਲਈ ਇਨਸਾਨ ਨੂੰ ਇਸ ਮਾਹੌਲ ਚੋ ਨਿਕਲਣਾ ਚਾਹੀਦਾ ਹੈ ਤੇ ਇੱਕ ਅਮਨ ਅਮਾਨ ਦੀ ਜਿੰਦਗੀ ਬਤੀਤ ਕਰਨੀ ਚਾਹੀਦੀ ਹੈ! ਇਸ ਮੌਕੇ ਹਰਜਿੰਦਰ ਕੁਮਾਰ ਰਾਸ਼ਟਰੀ ਕੋਆਰਡੀਨੇਟਰ, ਹੈਪੀ ਗੁਰਾਇਆ ਸਿੰਗਰ, ਅਮਨ, ਤੇ ਆਈ ਵੱਡੀ ਗਿਣਤੀ ਚ ਸੰਗਤ ਹਾਜ਼ਿਰ ਸਨ।

ਪੰਜਾਬ ਦੇ ਸਕੱਤਰ ਅਵਤਾਰ ਸਿੰਘ ਧੀਮਾਨ ਨੂੰ ਮਰਾਠਵਾੜਾ ਮੁਕਤੀ ਸੰਗਰਾਮ ਦਿਵਸ ਦੇ ਮੌਕੇ 'ਤੇ ਰਾਸ਼ਟਰੀ ਸਾਲਾਨਾ ਸੰਮੇਲਨ 'ਚ' ਵੀਰ ਸ਼ਹੀਦ ਭਗਤ ਸਿੰਘ ਰਾਸ਼ਟਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ

ਨਵਾਂਸ਼ਹਿਰ, (ਜਤਿੰਦਰ ਪਾਲ ਸਿੰਘ ਕਲੇਰ) ਮਹਾਰਾਸ਼ਟਰ ਦੇ ਲਾਤੂਰ ਵਿੱਚ ਮਰਾਠਵਾੜਾ ਮੁਕਤੀ ਸੰਗਰਾਮ ਦਿਵਸ ਮੌਕੇ 17/18 ਸਤੰਬਰ 2025 ਦੋ ਦਿਨ ਚੱਲੇ ਕੌਮੀ ਸਾਲਾਨਾ ਸੰਮੇਲਨ ਵਿੱਚ ਪੰਜਾਬ ਦੇ ਪੰਜਾਬ ਦੇ ਸਕੱਤਰ ਅਵਤਾਰ ਸਿੰਘ ਧੀਮਾਨ ਨੂੰ ਵੀਰ ਸ਼ਹੀਦ ਭਗਤ ਸਿੰਘ ਰਾਸ਼ਟਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਮਰਾਠਵਾੜਾ ਮੁਕਤੀ ਸੰਗ੍ਰਾਮ ਦਿਵਸ ਅਤੇ ਅਖਿਲ ਭਾਰਤੀਯ ਭ੍ਰਿਸ਼ਟਾਚਾਰ ਵਿਰੋਧੀ ਸੰਘਰਸ਼ ਸਮਿਤੀ ਅਤੇ ਬ੍ਰਿਕਸ ਮਨੁੱਖੀ ਅਧਿਕਾਰ ਮਿਸ਼ਨ ਦੀ ਕੌਮੀ ਸਾਲਾਨਾ ਕਨਵੈਨਸ਼ਨ ਵਿੱਚ ਸਮਿਤੀ ਦੇ ਪੰਜਾਬ ਸਕੱਤਰ ਅਵਤਾਰ ਸਿੰਘ ਧੀਮਾਨ ਨੂੰ ਉਨ੍ਹਾਂ ਵੱਲੋਂ ਕੀਤੇ ਭ੍ਰਿਸ਼ਟਾਚਾਰ ਵਿਰੋਧੀ ਕੰਮਾਂ ਲਈ ਵੀਰ ਸ਼ਹੀਦ ਭਗਤ ਸਿੰਘ ਰਾਸ਼ਟਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ।ਉਨ੍ਹਾਂ ਨੂੰ ਇਹ ਸਨਮਾਨ ਰਾਸ਼ਟਰੀ ਪ੍ਰਧਾਨ ਬਾਬਾ ਪ੍ਰਦੀਪ ਪਾਟਿਲ ਖੰਡਾਪੁਰਕਰ ਅਤੇ ਅਮੋਲ ਨੰਜਰੇਕਰ ਨੇ ਪ੍ਰਣਵ ਸ੍ਰੀ ਮੰਗਲ ਕਾਰਾਲਿਆ ਆਡੀਟੋਰੀਅਮ, ਲਾਤੂਰ ਮਹਾਂਰਸ਼ਟਰ ਵਿਖੇ ਵੱਡੀ ਗਿਣਤੀ ਹਾਜ਼ਰੀ ਵਿੱਚ ਦਿੱਤਾ। ਪ੍ਰੋਗਰਾਮ ਵਿੱਚ ਆਜ਼ਾਦੀ ਘੁਲਾਟੀਆਂ, ਬਹਾਦਰ ਔਰਤਾ, ਬਹਾਦਰ ਮਾਵਾ ਅਤੇ ਮਰਾਠਵਾੜਾ ਦੇ ਸੁਤੰਤਰਤਾ ਸੈਨਾਨੀਆ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ 'ਤੇ ਰਾਸ਼ਟਰੀ ਉਪ ਪ੍ਰਧਾਨ ਤੇਜ ਪ੍ਰਕਾਸ਼ ਖਾਸਾ, ਰਾਸ਼ਟਰੀ ਸਕੱਤਰ ਸੁਬੋਧ ਸਿੰਘ ਬਿਹਾਰ, ਰਾਸ਼ਟਰੀ ਸਕੱਤਰ ਅਨਿਲ ਮਿਸ਼ਰਾ ਝਾਰਖੰਡ , ਰਾਸ਼ਟਰੀ ਉਪ ਪ੍ਰਧਾਨ ਸ਼ਿਵਾਜੀ ਡੀਕਾ ਆਸਾਮ, ਮਹਾਰਾਸ਼ਟਰ ਮਹਿਲਾ ਪ੍ਰਧਾਨ ਰਾਣਿਤਾਈ ਸਵਾਮੀ, ਗੋਆ ਸੂਬਾ ਪ੍ਰਧਾਨ ਅਰੁਣਾ ਦੇਵ, ਝਾਰਖੰਡ ਸੂਬਾ ਪ੍ਰਧਾਨ ਰਾਜਿੰਦਰ ਕੁਮਾਰ, ਵਿਕਰਮ ਕੁਮਾਰ ਬਿਹਾਰ, ਮਹਾਰਾਸ਼ਟਰ ਸੂਬਾ ਪ੍ਰਧਾਨ ਪੰਡਿਤ ਤਿੜਕੇ, ਰਾਮ ਬਹਿਰਾ ਉੜੀਸਾ ਪ੍ਰਧਾਨ, ਦੇਵਾ ਸੁੰਦਰਮ ਤਾਮਿਲਨਾਡੂ ਪ੍ਰਧਾਨ,ਅਰਵਿੰਦਰ ਕੌਰ ਝਾਰਖੰਡ ਮਹਿਲਾ ਪ੍ਰਧਾਨ, ਆਰ. ਸੀ. ਸ਼ਰਮਾ ਜੰਮੂ ਕਸ਼ਮੀਰ ਸੂਬਾ ਪ੍ਰਧਾਨ, ਬਾਬੂਰਾਵ ਛੇਤਰੇ ਪਾਟਿਲ ਸਮੇਤ ਦੇਸ਼ ਭਰ ਤੋਂ ਸਮਿਤੀ ਦੇ ਅਹੁਦੇਦਾਰ ਮੌਜੂਦ ਸਨ। ਇਸ ਮੌਕੇ ਤੇ ਅਖਿਲ ਭਾਰਤੀਯ ਭ੍ਰਿਸ਼ਟਾਚਾਰ ਰੋਕੂ ਸੰਘਰਸ਼ ਸਮਿਤੀ ਪੰਜਾਬ ਪ੍ਰਧਾਨ ਵਿਜੇ ਭਾਟੀਆ, ਵਾਈਸ ਪ੍ਰਧਾਨ ਪੰਜਾਬ ਡਾ. ਸੁਪਿੰਦਰ ਸਿੰਘ ਢਿੱਲੋ, ਪੰਜਾਬ ਕਾਰਜਕਾਰੀ ਪ੍ਰਧਾਨ ਬਹਾਦਰ ਚੰਦ ਅਰੋੜਾ, ਜਿਲਾ ਸ਼ਹੀਦ ਭਗਤ ਸਿੰਘ ਨਗਰ ਪ੍ਰਧਾਨ ਮਨਮੋਹਨ ਸਿੰਘ ਗੁਲਾਟੀ, ਪੰਜਾਬ ਉਪ ਪ੍ਰਧਾਨ ਤਰੁਣ ਵਰਮਾ, ਪੰਜਾਬ ਜਰਨਲ ਸੈਕਟਰੀ ਠੇਕੇਦਾਰ ਗੁਰਚਰਨ ਸਿੰਘ, ਅਰੁਣ ਮੁਰਗਾਬੀ, ਬਾਲ ਕ੍ਰਿਸ਼ਨ ਆਨੰਦ, ਦਰਸ਼ਨ ਦਰਦੀ, ਬਾਸਦੇਵ ਪਰਦੇਸੀ, ਮਹੇਸ਼ ਕੁਮਾਰ ਸਾਜਨ , ਪੰਜਾਬ ਯੂਥ ਉਪ ਪ੍ਰਧਾਨ ਅੰਕੁਸ਼ ਠਾਕੁਰ, ਪੰਜਾਬ

ਯੂਥ ਪ੍ਰਧਾਨ ਦਲਜੀਤ ਸਿੰਘ, ਅਰਜੁਨ ਸਿੰਘ ਅੰਮ੍ਰਿਤਸਰ, ਮਨੋਜ ਪਾਠਕ ਨਵਾਂਸ਼ਹਿਰ, ਨਰਿੰਦਰ ਸ਼ਰਮਾ ਮਲੇਰਕੋਟਲਾ, ਨਾਜਰ ਅਲੀ ਮਲੇਰਕੋਟਲਾ, ਪ੍ਰਭਜੋਤ ਜੌਰਾ ਅੰਮ੍ਰਿਤਸਰ, ਸੋਨੂ ਸ਼ਰਮਾ, ਸੁਖਪਾਲ ਸਿੰਘ ਅੰਮ੍ਰਿਤਸਰ, ਜ਼ਿਲ੍ਹਾ ਪ੍ਰਧਾਨ ਸਤਨਾਮ ਸਿੰਘ ਜਲਾਲਪੁਰ, ਵਿਧਾਇਕ ਸੰਤੋਸ਼ ਕਟਾਰੀਆ, ਜ਼ਿਲ੍ਹਾ ਪ੍ਰਧਾਨ ਅਜੇ ਮੰਗੂਪੁਰ, ਜਿਲਾ ਪ੍ਰਧਾਨ ਰਾਜਵਿੰਦਰ ਸਿੰਘ ਲੱਕੀ, ਜਤਿੰਦਰ ਪਾਲ ਸਿੰਘ ਕਲੇਰ, ਦੀਦਾਰ ਸਿੰਘ ਬਲਾਚੌਰ, ਚੇਅਰਮੈਨ ਸਤੀਸ਼ ਸ਼ਰਮਾ ਕਾਠਗੜ੍ਹ , ਪ੍ਰਧਾਨ ਹੈਪੀ ਰਾਣਾ, ਬੰਟੀ ਕਰੀਮਪੁਰ ਧਿਆਨੀ, ਜਗਤਾਰ ਸਿੰਘ, ਮੋਹਿਤ ਕੁਮਾਰ, ਸਮਰਦੀਪ ਸਿੰਘ, ਜਸਵਿੰਦਰ ਸਿੰਘ ਬੈਂਸ, ਜਸਵਿੰਦਰ ਮਜ਼ਾਰਾ, ਡਾਕਟਰ ਤਜਿੰਦਰ ਜੋਤ, ਡੀਐਸਪੀ ਬਲਾਚੌਰ ਸ਼ਾਮ ਸੁੰਦਰ ਸ਼ਰਮਾ, ਐਸਐਚਓ ਸਿਟੀ ਥਾਣਾ ਬਲਾਚੌਰ ਸਤਨਾਮ ਸਿੰਘ, ਜਸਪ੍ਰੀਤ ਧਿਮਾਨ, ਸਿਮਰਨ ਜੋਤ ਸਿੰਘ ਕਲੇਰ, ਰਾਜੇਸ਼ ਕੁਮਾਰ ਕਾਠਗੜ੍ਹ, ਪੰਜਾਬ ਮਹਿਲਾ ਪ੍ਰਧਾਨ ਰਜਿੰਦਰ ਕੌਰ ਖਾਸਾ, ਯੋਗੇਸ਼ ਮਲਹੋਤਰਾ, ਚੰਦਰ ਮੋਹਨ ਜੇਡੀ ਨੇ ਰਾਸ਼ਟਰੀ ਸ਼ਹੀਦ ਭਗਤ ਸਿੰਘ ਪੁਰਸਕਾਰ ਨਾਲ ਸਨਮਾਨਿਤ ਹੋਣ ਤੇ ਅਵਤਾਰ ਸਿੰਘ ਧੀਮਾਨ ਨੂੰ ਵਧਾਈਆਂ ਦਿੱਤੀਆਂ। ਇਸ ਮੌਕੇ ਅਵਤਾਰ ਸਿੰਘ ਧੀਮਾਨ ਨੇ ਰਾਸ਼ਟਰੀ ਪ੍ਰਧਾਨ ਪ੍ਰਦੀਪ ਪਾਟਿਲ ਖੰਡਾਪੁਰਕਰ ਬਾਬਾ ਵੱਲੋਂ ਵੀਰ ਸ਼ਹੀਦ ਭਗਤ ਸਿੰਘ ਰਾਸ਼ਟਰੀ ਪੁਰਸਕਾਰ ਨਾਲ ਸਨਮਾਨਿਤ ਕਰਨ ਤੇ ਧੰਨਵਾਦ ਕੀਤਾ ਅਤੇ ਕਿਹਾ ਕਿ ਪਿਛਲੇ ਸਾਲਾਂ ਵਾਂਗ ਜਿਸ ਤਰ੍ਹਾਂ ਭ੍ਰਿਸ਼ਟਾਚਾਰ ਤੇ ਨਕੇਲ ਕੱਸਣ ਲਈ ਪੰਜਾਬ ਵਿੱਚ ਕੰਮ ਕੀਤਾ ਜਾ ਰਿਹਾ ਹੈ ਉਸੇ ਤਰ੍ਹਾਂ ਨਿਰੰਤਰ ਭ੍ਰਿਸ਼ਟਾਚਾਰ ਤੇ ਨਕੇਲ ਕੱਸਣ ਲਈ ਕੰਮ ਜਾਰੀ ਰਹਿਣਗੇ। ਇਸ ਦੇ ਨਾਲ ਹੀ ਉਹਨਾਂ ਨੂੰ ਵਧਾਈਆਂ ਦੇਣ ਵਾਲਿਆਂ ਦਾ ਵੀ ਦਿਲ ਦੀ ਗਹਿਰਾਈਆਂ ਤੋਂ ਧੰਨਵਾਦ ਕੀਤਾ।

ਕੇਕ ਕੱਟ ਕੇ ਮਨਾਇਆ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਦਾ ਜਨਮ ਦਿਨ : ਮੈਡੀਕਲ ਪ੍ਰੈਕਟੀਸ਼ਨ

ਨਵਾਂ ਸ਼ਹਿਰ (ਜਤਿੰਦਰ ਪਾਲ ਸਿੰਘ ਕਲੇਰ) ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਪੰਜਾਬ ਰਜਿ 295 ਨੇ ਸ਼ਹੀਦ ਸਰਦਾਰ ਭਗਤ ਸਿੰਘ ਜੀ ਦਾ 118 ਜਨਮ ਦਿਨ ਸ਼ਹੀਦ ਦੇ ਜੱਦੀ ਪਿੰਡ ਖਟਕੜ ਕਲਾਂ ਵਿਖੇ ਕੱਟ ਕੇ ਮਨਾਇਆ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਜਨਮਦਿਨ ਦੇ ਮੌਕੇ 'ਤੇ ਉਨ੍ਹਾਂ ਦੀ ਯਾਦ ਨੂੰ ਤਾਜ਼ਾ ਕਰਦੇ ਹੋਏ ਸਮਾਰਕ ਤੇ ਜਾ ਕੇ ਮਾਲਾ ਅਰਪਿਤ ਕੀਤੀ ਅਤੇ ਸ਼ਰਧਾਂਜਲੀ ਭੇਟ ਕੀਤੀ। ਮੌਕੇ ਤੇ ਮੈਡੀਕਲ ਪ੍ਰੈਕਟੀਸ਼ਨਰਾਂ ਨੇ ਅਤੇ ਸਥਾਨਕ ਲੋਕਾਂ ਨੇ ਨਾਰਿਆਂ ਨਾਲ ਸ਼ਹੀਦੀ ਰੂਹ ਨੂੰ ਸਲਾਮ ਕੀਤਾ – "ਇਨਕਲਾਬ ਜ਼ਿੰਦਾਬਾਦ, ਸ਼ਹੀਦਾਂ ਨੂੰ ਲਾਲ ਸਲਾਮ"।

ਮੌਕੇ ਤੇ ਪੰਜਾਬ ਦੇ ਪ੍ਰਧਾਨ ਡਾ ਧੰਨਾ ਮੱਲ ਗੋਇਲ, ਡਾ ਚਮਕੌਰ ਸਿੰਘ ਦੇ ਪ੍ਰੈਸ ਸੈਕਟਰੀ ਵਿਸ਼ੇਸ਼ ਤੌਰ ਤੇ ਪਹੁੰਚੇ ਉਹਨਾਂ ਨੇ ਬੋਲਦਿਆਂ ਕਿਹਾ ਕਿ ਜਦੋਂ ਭਾਰਤ ਦੇਸ਼ ਅੰਗਰੇਜ਼ੀ ਹਕੂਮਤ ਦੀ ਗੁਲਾਮੀ ਦੀਆਂ ਜ਼ੰਜੀਰਾ 'ਚ ਜਕੜਿਆ ਪਿਆ ਸੀ,ਉਸ ਸਮੇਂ ਭਗਤ ਸਿੰਘ ਦਾ28 ਸਤੰਬਰ 1907 ਜਨਮ ਹੋਇਆ ਅਤੇ ਸ਼ਹੀਦ ਏ ਆਜ਼ਮ ਸ. ਭਗਤ ਸਿੰਘ ਆਜ਼ਾਦੀ ਦੀ ਗੁੜ੍ਹਤੀ ਉਨ੍ਹਾਂ ਦੇ ਪਰਿਵਾਰ ਵਿਚੋਂ ਅਜਿਹੀ ਮਿਲੀ ਕਿ ਭਰ ਜਵਾਨੀ ਵਿਚ ਉਨ੍ਹਾਂ ਵਲੋਂ ਦੇਸ਼ ਦੀ ਆਨ ਬਾਣ ਅਤੇ ਸ਼ਾਨ ਦੀ ਰਾਖੀ ਕਰਦਿਆਂ ਭਾਰਤ ਦੇਸ਼ ਨੂੰ ਅੰਗਰੇਜ਼ੀ ਹਕੂਮਤ ਦੀਆਂ ਗੁਲਾਮੀ ਦੀਆਂ ਜੰਜ਼ੀਰਾਂ ਨੂੰ ਤੋੜ ਕੇ ਅਜ਼ਾਦ ਕਰਾਇਆ ਸ. ਭਗਤ ਸਿੰਘ ਦਾ ਪਰਿਵਾਰ ਵੀ ਕ੍ਰਾਂਤੀਕਾਰੀ ਸੀ ਜਿਨ੍ਹਾਂ ਵਲੋਂ ਭਾਰਤ ਦੇਸ਼ ਨੂੰ ਅੰਗਰੇਜ਼ ਹਕੂਮਤ ਤੋਂ ਅਜ਼ਾਦ ਕਰਾਉਣ ਲਈ ਬਚਪਨ ਵਿਚ ਹੀ ਸਿੱਖਿਆ ਦੇਣੀ ਆਰੰਭ ਕੀਤੀ ਸੀ ਜਿਸ ਦੇ ਫਸਲਰੂਪ ਅੱਜ ਅਸੀਂ ਆਜ਼ਾਦੀ ਦਾ ਨਿੱਘ ਮਾਣਦੇ ਆ ਰਹੇ ਹਾਂ।" ਸ਼ਹੀਦ ਦੀ ਜੀਵਨ 'ਤੇ ਚਾਨਣਾ ਪਾਉਂਦਿਆਂ ਉਨ੍ਹਾਂ ਆਖਿਆ ਕਿ ਉਹ ਹਾਲੇ ਮਹਿਜ 12 ਸਾਲ ਦੀ ਉਮਰ ਦੇ ਸਨ ਕਿ ਅੰਗਰੇਜ਼ ਹਕੂਮਤ ਵਲੋਂ ਜਲਿਆਵਾਲੇ ਬਾਗ ਦੇ ਢਾਹੇ ਸਾਕੇ ਨੂੰ ਵੇਖਣ ਲਈ ਅੰਮ੍ਰਿਤਸਰ ਰਵਾਨਾ ਹੋ ਅਤੇ ਉਥੇ ਉਨ੍ਹਾਂ ਸੰਕਲਪ ਕੀਤਾ ਕਿ ਉਹ ਭਾਰਤ ਦੇਸ਼ ਨੂੰ ਗੁਲਾਮੀ ਦੀਆਂ ਜੰਜ਼ੀਰਾਂ ਤੋਂ ਆਜ਼ਾਦ ਕਰਾ ਕੇ ਹੀ ਰਹਿਣਗੇ, ਭਾਵੇਂ ਉਨ੍ਹਾਂ ਨੂੰ ਇਸ ਬਦਲੇ ਆਪਣਾ ਬਲਿਦਾਨ ਕਿਉਂ ਨਾ ਦੇਣਾ ਪਵੇ।ਉਨ੍ਹਾਂ ਦੱਸਿਆ ਕਿ ਸ਼ਹੀਦ ਭਗਤ ਸਿੰਘ ਇਕ ਪੜ੍ਹਿਆ ਲਿਖਿਆ ਵਿਦਵਾਨ ਲਿਖਾਰੀ ਸੀ ਜਿਹੜੇ ਕਿ ਪੰਜਾਬੀ, ਅੰਗਰੇਜ਼ੀ, ਉਰਦੂ, ਸੰਸਕ੍ਰਿਤੀ, ਬੰਗਾਲੀ, ਹਿੰਦੀ ਵਰਗੀਆਂ ਕਈ ਭਾਸ਼ਾਵਾਂ ਦਾ ਗਿਆਨ ਰੱਖਦੇ ਸਨ ਅਤੇ ਉਨ੍ਹਾਂ ਵਲੋਂ ਜੇਲ ਦੀ ਬੰਦ ਕੋਠੜੀ ਵਿਚ ਕਈ ਲਿਖੀਆਂ ਕਿਤਾਬਾਂ ਵਿਚ ਦੇਸ਼ ਭਗਤੀ ਦੀ ਚੰਗੀ ਸੇਧ ਮਿਲਦੀ ਹੈ। ਜਿਨ੍ਹਾਂ ਸੂਰਵੀਰਾਂ ਵਲੋਂ ਸਾਡੀ ਖਾਤਰ ਆਪਣਾ ਬਲੀਦਾਨ ਦਿੱਤਾ ਹੈ।

ਉਨ੍ਹਾਂ ਨੂੰ ਸ਼ਰਧਾ ਸੁਮਨ ਭੇਟ ਕਰਨਾ ਸਾਡਾ ਸਭ ਤੋਂ ਪਹਿਲਾ ਹੱਕ ਬਣਦਾ ਹੈ। ਇਸ ਸਮੇਂ ਉਨ੍ਹਾਂ ਜਥੇਬੰਦੀ ਦੇ ਸਮੂਹ ਮੈਂਬਰਾਂ ਦਾ ਧੰਨਵਾਦ ਵੀ ਕੀਤਾ ਮੌਕੇ ਤੇ ਕਸ਼ਮੀਰ ਸਿੰਘ ਢਿੱਲੋਂ ਜ਼ਿਲ੍ਹਾ ਪ੍ਰਧਾਨ ਡਾ ਦਿਲਦਾਰ ਸਿੰਘ ਚਾਹਲ ਉਪ ਪ੍ਰਧਾਨ ਸੂਬਾ ਕਮੇਟੀ ਡਾ ਧਰਮਪਾਲ ਸੂਬਾ ਕਮੇਟੀ ਮੈਂਬਰ ਕਮੇਟੀ ਮੈਂਬਰ ਡਾ ਟੇਕ ਚੰਦ ਜ਼ਿਲ੍ਹਾ ਚੇਅਰਮੈਨ , ਡਾ ਧਰਮਜੀਤ, ਡਾ ਰਾਮਜੀ ਦਾਸ, ਡਾ ਬਿਮਲ ,ਡਾ ਧਰਮਪਾਲ ਡਾ ਕੁਲਵਿੰਦਰ, ਡਾ ਗਿਆਨ ਸਿੰਘ ,ਡਾ ਦੇਸ ਰਾਜ ,ਡਾ ਹਰਜਿੰਦਰ ਡਾ ਸੁਖਯਾਦ ਡਾ ਹਰਦੀਪ ,ਡਾ ਪੁਰਸ਼ੋਤਮ ,ਡਾ ਤਜਿੰਦਰ ਜੋਤ ਬਲਾਕ ਪ੍ਰਧਾਨ ਬਲਾਚੌਰ ਹੋਰ ਜਿਲੇ ਦੇ ਬਹੁਤ ਸਾਰੇ ਮੈਡੀਕਲ ਪ੍ਰੈਕਟੀਸ਼ਨ ਸ਼ਾਮਿਲ ਹੋਏ ।

ਬੱਚੇ ਦੇ ਜਨਮ ਸੰਬੰਧੀ ਸਮਾਗਮ 'ਚ,ਰਿਸਤੇਦਾਰਾਂ ਨੂੰ ਕਿਤਾਬਾਂ ਦਾ ਸ਼ਗਨ

ਫਿਲੌਰ/ਅੱਪਰਾ (ਦੀਪਾ)- ਸਾਡੇ ਸਮਾਜ ਅੰਦਰ ਖੁਸ਼ੀ ਗ਼ਮੀ ਦੇ ਮੌਕਿਆਂ ਤੇ ਕੱਪੜੇ ਅਤੇ ਹੋਰ ਵਸਤਾਂ ਦੇਣ ਦੀ ਰਸਮ ਪ੍ਰਚਲਿਤ ਹੈ ਲਅਜੋਕੇ ਸਮੇਂ ਵਿੱਚ ਉਪਭੋਗਤਾਵਾਦ ਨੇ ਇਸ ਵਿੱਚ ਹੋਰ ਵੀ ਵਾਧਾ ਕਰ ਦਿੱਤਾ ਹੈ ਲ ਸਾਡੀ ਸੋਚ ਨੂੰ ਮੰਡੀ ਨੇ ਉਲਝਾ ਕੇ ਰੱਖ ਦਿੱਤਾ ਹੈ ਲ ਲੋਕ ਨਾ ਚਾਹੁੰਦੇ ਹੋਏ ਵੀ ਮਜ਼ਬੂਰਨ ਕਈ ਨਵੇਂ ਰਸਮਾਂ, ਰਿਵਾਜਾਂ ਵਿੱਚ ਫਸ ਕੇ ਰਹਿ ਗਏ ਹਨਲ ਅਜਿਹੇ ਮਾਹੌਲ ਦੇ ਚੱਲਦਿਆਂ ਵੀ ਕੁੱਝ ਲੋਕ ਨਵੀਆਂ ਪਿਰਤਾਂ ਪਾ ਰਹੇ ਹਨ ਲ ਸਮਾਜ ਨੂੰ ਸੇਧ ਦੇਣ ਲਈ ਲੀਕ ਤੋਂ ਹਟ ਕੇ ਕਾਰਜ ਕਰ ਰਹੇ ਹਨ ਲ ਜਿਸ ਨਾਲ ਸਮਾਜ ਵਿੱਚ ਚੇਤਨਾ ਦੇ ਪੱਧਰ ਵਿੱਚ ਵਾਧਾ ਹੋਵੇ ਅਤੇ ਲੋਕ ਨਿੱਤ ਦੇ ਮਸਲਿਆਂ ਦੇ ਕਾਰਨਾਂ ਦੇ ਸਨਮੁੱਖ ਹੋਣ ਲ ਆਲੇ ਦੁਆਲੇ ਵਾਪਰ ਰਹੀਆਂ ਘਟਨਾਵਾਂ ਪ੍ਰਤੀ ਵਿਗਿਆਨਕ ਦ੍ਰਿਸ਼ਟੀਕੋਣ ਅਪਣਾਉਣ ਦੇ ਯੋਗ ਹੋ ਜਾਣਲ ਅਜਿਹੇ ਯਤਨਾਂ ਤਹਿਤ ਇੰਜ. ਜਸਵੀਰ ਸਿੰਘ ਮੋਰੋਂ ਵਲੋਂ ਆਪਣੇ ਦੋਹਤੇ ਪ੍ਰਭ ਦੀਦਾਰ ਦੇ ਜਨਮ ਸੰਬੰਧੀ ਕਰਵਾਏ ਗਏ ਸਮਾਗਮ ਦੌਰਾਨ ਆਏ ਹੋਏ ਰਿਸ਼ਤੇਦਾਰਾਂ ਨੂੰ ਸ਼ਗਨ ਦੇ ਤੌਰ ਤੇ ਕਿਤਾਬਾਂ ਦੇ ਕੇ ਸਨਮਾਨਿਤ ਕੀਤਾ ਗਿਆ ਲ ਇਹ ਸਮਾਗਮ ਸ੍ਰੀ ਧੰਨਾ ਰਾਮ ਪਾਲ ਦੇ ਸਮੂਹ ਪਰਿਵਾਰ ਵਲੋਂ ਪਿੰਡ ਲਾਂਦੜਾ ਵਿਖੇ ਆਯੋਜਤ ਕੀਤਾ ਗਿਆ ਲਇਸ ਸਮਾਗਮ ਵਿੱਚ ਸ੍ਰੀ ਚਰਨ ਦਾਸ, ਇੰਜ ਪਰਮਜੀਤ,ਸ੍ਰੀ ਹਰਮੇਸ਼ ਸਿੰਘ,ਸ੍ਰੀ ਰਵਿੰਦਰ ਰਵੀ,ਸ੍ਰੀ ਤਰਸੇਮ ਲਾਲ, ਸ੍ਰੀ ਸੁੱਖ ਚੰਦ,ਸ੍ਰੀ ਰਵਿੰਦਰ ਕੁਮਾਰ, ਸਾਬਕਾ ਸਰਪੰਚ ਸਿਮਰਪਾਲ, ਸ੍ਰੀਮਤੀ ਰੇਸ਼ਮ ਕੌਰ,ਆਸ਼ਾ ਰਾਣੀ, ਅਨੀਤਾ,ਮਧੂ ਬਾਲਾ,ਜੋਤੀ ਪਾਲ, ਮਨਪ੍ਰੀਤ ਕੌਰ,ਰੇਸ਼ਮ ਸਿੰਘ, ਸ੍ਰੀ ਬਰਿਜ ਲਾਲ, ਮਾਸਟਰ ਅਵਤਾਰ ਆਦਿ ਵਿਸ਼ੇਸ਼ ਤੌਰ ਸ਼ਾਮਿਲ ਹੋਏਲ ਕਿਤਾਬਾਂ ਦਾ ਸ਼ਗਨ ਮਿਲਣ ਤੇ ਹੋਈ ਹੈਰਾਨੀ ਅਤੇ ਖੁਸ਼ੀ ਚਰਚਾ ਵਿੱਚ ਤਬਦੀਲ ਹੋ ਗਈਲ ਇਸ ਕਾਰਜ ਦੀ ਸਭਨਾਂ ਵਲੋਂ ਸ਼ਲਾਘਾ ਕੀਤੀ ਗਈ।

ਕਿਸਾਨ ਮੇਲੇ ਤੇ ਭਾਈ ਘਨੱਈਆ ਜੀ ਮਿਸ਼ਨ ਸੇਵਾ ਸੁਸਾਇਟੀ ਨੇ ਖੂਨਦਾਨ ਕੈਂਪ ਲਾਇਆ

ਕਿਸਾਨ ਮੇਲੇ ਤੇ ਕਿਸਾਨਾਂ ਨੇ ਮਰੀਜ਼ਾਂ ਲਈ ਖੂਨਦਾਨ ਕਰਕੇ ਸੇਵਾ ਵਿੱਚ ਵੱਡਾ ਯੋਗਦਾਨ ਪਾਇਆ– ਜੱਥੇ: ਨਿਮਾਣਾ

ਲੁਧਿਆਣਾ (ਕਰਨੈਲ ਸਿੰਘ ਐੱਮ.ਏ.) ਕਿਸਾਨ ਮੇਲੇ ਮੌਕੇ ਤੇ ਮਨੁੱਖਤਾ ਦੇ ਭਲੇ ਲਈ ਭਾਈ ਘਨੱਈਆ ਜੀ ਮਿਸ਼ਨ ਸੇਵਾ ਸੁਸਾਇਟੀ (ਰਜਿ:) ਵੱਲੋਂ ਮੁੱਖ ਸੇਵਾਦਾਰ ਜੱਥੇਦਾਰ ਤਰਨਜੀਤ ਸਿੰਘ ਨਿਮਾਣਾ ਦੀ ਅਗਵਾਈ ਹੇਠ 834ਵਾਂ ਮਹਾਨ ਖੂਨਦਾਨ ਕੈਂਪ ਪੀ.ਏ.ਯੂ, ਲੁਧਿਆਣਾ ਵਿਖੇ ਲਗਾਇਆ ਗਿਆ। ਇਸ ਮੌਕੇ ਤੇ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਨੇ ਕਿਹਾ ਕਿ ਕਿਸਾਨ ਦੇਸ਼ ਨੂੰ ਅਨਾਜ ਪੈਦਾ ਕਰਕੇ ਦਿੰਦੇ ਹਨ ਉਥੇ ਕਿਸਾਨ ਸਮਾਜ ਭਲਾਈ ਦੇ ਕੰਮਾਂ ਵਿੱਚ ਮੂਹਰੇ ਹੋ ਕੇ ਰੋਲ ਨਿਭਾਉਂਦੇ ਹਨ । ਅੱਜ ਕਿਸਾਨ ਮੇਲੇ ਤੇ ਕਿਸਾਨਾਂ ਨੇ ਮਰੀਜ਼ਾਂ ਲਈ ਖੂਨਦਾਨ ਕਰਕੇ ਵੱਡੀ ਸੇਵਾ ਕੀਤੀ ਉਨ੍ਹਾਂ ਕਿਹਾ ਕਿਸਾਨ ਆਪਣੇ ਅਤੇ ਮਜ਼ਲੂਮਾਂ ਦੀ ਹੱਕ ਸੱਚ ਦੀ ਅਵਾਜ਼ ਬੁਲੰਦ ਕਰਨ ਵਾਲਾ ਫਿਰਕਾ ਹੈ। ਇਸ ਸਮੇਂ ਮਹਾਨ ਖੂਨਦਾਨ ਕੈਂਪ ਵਿੱਚ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ ਆਈ.ਜੀ ਇਕਬਾਲ ਸਿੰਘ ਗਿੱਲ, ਐਸ.ਪੀ. ਪ੍ਰਿਥੀਪਾਲ ਸਿੰਘ ਬਟਾਲਾ, ਜਸਵੰਤ ਸਿੰਘ ਛਾਪਾ ਪ੍ਰਧਾਨ ਸਰਬੱਤ ਦਾ ਭਲਾ (ਚੈ) ਟ੍ਰਸਟ, ਮੁਕੇਸ਼ ਕੁਮਾਰ ਨਿੱਜੀ ਸਕੱਤਰ ਵਾਈਸ ਚਾਂਸਲਰ ਪੀ.ਏ.ਯੂ, ਹਰਪ੍ਰੀਤ ਸਿੰਘ ਪੀ.ਏ. ਨਿਰਦੇਸ਼ਕ ਸਿੱਖਿਆ ਵਿਭਾਗ, ਡਾ: ਇੰਦਰਜੀਤ ਸਿੰਘ ਢੀਂਗਰਾ ਨੇ ਭਾਈ ਘਨੱਈਆ ਜੀ ਮਿਸ਼ਨ ਸੇਵਾ ਸੁਸਾਇਟੀ ਵੱਲੋਂ ਲਗਾਏ ਗਏ ਮਹਾਨ ਖੂਨਦਾਨ ਕੈਂਪ ਦੀ ਸ਼ਲਾਘਾ ਕੀਤੀ ਅਤੇ ਖੂਨਦਾਨੀਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਤੇ ਬਲਦੇਵ ਸਿੰਘ ਸੰਧੂ ਨੇ ਦੱਸਿਆ ਖੂਨਦਾਨ ਕੈਂਪ ਦੌਰਾਨ 87 ਯੂਨਿਟ ਇੰਡਸ ਹਸਪਤਾਲ ਦੇ ਨਿੱਘੇ ਸਹਿਯੋਗ ਨਾਲ ਇਕੱਤਰ ਕੀਤਾ ਗਿਆ ਖੂਨ ਲੋੜਵੰਦ ਮਰੀਜ਼ਾਂ ਨੂੰ ਨਿਸ਼ਕਾਮ ਰੂਪ ਵਿੱਚ ਦਿੱਤਾ ਜਾਵੇਗਾ। ਇਸ ਮੌਕੇ ਤੇ ਗੁਰਦੀਪ ਸਿੰਘ ਗਰੇਵਾਲ, ਗੁਰਜੰਟ ਸਿੰਘ, ਗੁਰਪ੍ਰੀਤ ਸਿੰਘ, ਇੰਦਰਜੀਤ ਸਿੰਘ, ਦਿਨੇਸ਼ ਰਾਠੌਰ,:ਬਲਜਿੰਦਰ ਸਿੰਘ ਢਿੱਲੋਂ ਹਾਜ਼ਰ ਸਨ ।

ਯਾਦਗਾਰੀ ਹੋ ਨਿਬੜਿਆ ਨਿਊਯਾਰਕ ਵਿੱਚ "ਮੇਲਾ ਪੰਜਾਬੀਆਂ ਦਾ"

● ਮੇਲੇ ਵਿੱਚ ਹੋਇਆ ਪੰਜਾਬੀਆਂ ਦਾ ਰਿਕਾਰਡ ਤੋੜ ਇਕੱਠ ● ਚਿਰਾਂ ਪਿੱਛੋਂ ਮੁਹੰਮਦ ਸਦੀਕ ਨੇ ਅਮਰੀਕਾ ਵਿੱਚ ਲਗਾਇਆ ਅਖਾੜਾ

ਫਿਲੌਰ/ਅੱਪਰਾ (ਦੀਪਾ) ਵਿਦੇਸ਼ਾਂ ਵਿੱਚ ਰਹਿੰਦੇ ਪੰਜਾਬੀ ਹਮੇਸ਼ਾ ਹੀ ਪੰਜਾਬ ਨੂੰ, ਤੇ ਪੰਜਾਬ ਦੇ ਮੇਲਿਆਂ ਨੂੰ ਯਾਦ ਕਰਦੇ ਰਹਿੰਦੇ ਹਨ। ਪਰ ਹੁਣ ਪੰਜਾਬ ਵਰਗੇ ਮੇਲੇ ਹੀ ਵਿਦੇਸ਼ਾਂ ਵਿੱਚ ਵੀ ਵੱਡੀ ਪੱਧਰ ਤੇ ਲੱਗ ਰਹੇ ਹਨ। ਇਸੇ ਤਹਿਤ ਹਾਈਪ ਇੰਟਰਟੇਨਮੈਂਟ, ਫੋਕ ਸਟਾਰ ਇੰਟਰਟੇਨਮੈਂਟ ਪਾਵਰਡ ਬਾਏ ਡਾਕਟਰ ਬੀ ਆਰ ਅੰਬੇਡਕਰ ਕਲੱਬ ਵੱਲੋਂ ਇੱਕ ਵੱਡਾ ਮੇਲਾ "ਮੇਲਾ ਪੰਜਾਬੀਆਂ ਦਾ" ਨਿਊਯਾਰਕ ਵਿੱਚ ਲਗਾਇਆ ਗਿਆ, ਜਿਸ ਵਿੱਚ ਪੰਜਾਬ ਦੀ ਤਰ੍ਹਾਂ ਹੀ ਵੱਡੇ ਤੇ ਨਾਮਵਰ ਕਲਾਕਾਰ ਸ਼ਾਮਿਲ ਹੋਏ। ਪੰਜਾਬੀ ਗਾਇਕੀ ਦੇ ਵਿੱਚ ਬਾਬਾ ਬੋਹੜ ਦੇ ਨਾਂ ਨਾਲ ਜਾਣੇ ਜਾਂਦੇ ਸਤਿਕਾਰਤ ਗਾਇਕ ਮੁਹੰਮਦ ਸਦੀਕ ਕਈ ਦਹਾਕਿਆਂ ਬਾਅਦ ਅਮਰੀਕਾ ਦੀ ਧਰਤੀ ਤੇ ਆਪਣੀ ਤੁੰਬੀ ਦੀ ਟਣਕਾਰ ਤੇ ਦਰਸ਼ਕਾਂ ਨੂੰ ਨਚਾਉਂਦੇ ਹੋਏ ਨਜ਼ਰ ਆਏ। ਮੁਹੰਮਦ ਸਦੀਕ ਹੋਣਾਂ ਨੇ ਸਾਬਿਤ ਕੀਤਾ ਕਿ ਅੱਜ ਵੀ ਉਹਨਾਂ ਦੀ ਗਾਇਕੀ ਦੇ ਦੀਵਾਨੇ ਵਿਦੇਸ਼ਾਂ ਦੇ ਵਿੱਚ ਵੀ ਵੱਡੀ ਗਿਣਤੀ ਵਿੱਚ ਹਨ। ਇਹਨਾਂ ਤੋਂ ਇਲਾਵਾ ਮੇਲੇ ਦੇ ਵਿੱਚ ਕੇ ਐਸ ਮੱਖਣ ਹੁਣਾਂ ਨੇ ਵੀ ਆਪਣੇ ਹਿੱਟ ਗੀਤਾਂ ਰਾਹੀਂ ਆਏ ਹੋਏ ਦਰਸ਼ਕਾਂ ਨੂੰ ਖੂਬ ਨਚਾਇਆ। 'ਵੇ ਮੈਂ ਕਰਕੇ ਫਲਾਈ ਆਵਾਂ' ਫੇਮ ਗਾਇਕਾ ਜੈਸਮੀਨ ਅਖਤਰ ਤੇ ਨੌਜਵਾਨ ਦਿਲਾਂ ਦੀ ਧੜਕਣ ਗਾਇਕ ਸੱਬਾ ਵੀ ਇਸ ਮੇਲੇ ਵਿੱਚ ਆਪਣੀ ਗਾਇਕੀ ਦੀ ਛਾਪ ਛੱਡਣ ਵਿੱਚ ਕਾਮਯਾਬ ਹੋਏ। ਸੋਹਣਾ ਸਰਦਾਰ ਗਾਇਕ ਅਮਰ ਸੈਂਭੀ ਆਪਣੀ ਦਮਦਾਰ ਆਵਾਜ਼ ਤੇ ਪਰਫੋਰਮੈਂਸ ਦੇ ਨਾਲ ਲੋਕਾਂ ਦੀ ਵਾਹ ਵਾਹ ਖੱਟਣ ਵਿੱਚ ਕਾਮਯਾਬ ਹੋਇਆ। ਗਾਇਕ ਰੈਵ ਇੰਦਰ ਅਤੇ ਤਰਨ ਰੰਧਾਵਾ ਨੇ ਵੀ ਮੇਲੇ ਦੀ ਸ਼ੁਰੂਆਤ ਵਿੱਚ ਹੀ ਰੰਗ ਬੰਨ ਦਿੱਤਾ ਸੀ। ਇਸ ਮੇਲੇ ਦੀ ਵਿਲੱਖਣਤਾ ਇਹ ਸੀ ਕਿ ਇਸ ਮੇਲੇ ਦੇ ਵਿੱਚ ਗਾਇਕੀ ਦੇ ਨਾਲ ਨਾਲ ਭੰਗੜਾ, ਗਿੱਧਾ, ਖਾਣ ਪੀਣ ਦੀਆਂ ਸਟਾਲਾਂ ਤੇ ਖਰੀਦੋ ਫਰੋਖਤ ਦੀਆਂ ਸਟਾਲਾਂ ਵੇਖਣ ਨੂੰ ਮਿਲੀਆਂ। ਇਸ ਮੇਲੇ ਵਿੱਚ ਆਏ ਹੋਏ ਸਾਰੇ ਹੀ ਕਲਾਕਾਰਾਂ ਨੂੰ ਇੱਕ ਮਾਲਾ ਵਿੱਚ ਪਰੋਣ ਲਈ ਸਟੇਜ ਹੋਸਟ ਦੀ ਜਿੰਮੇਵਾਰੀ ਗਿੱਲ ਪ੍ਰਦੀਪ ਅਤੇ ਜੋਤ ਰਣਜੀਤ ਹੋਣਾ ਨੇ ਬਾਖੂਬੀ ਨਿਭਾਈ। ਹਾਈਪ ਇੰਟਰਟੇਨਮੈਂਟ ਤੋਂ ਲੱਖੀ ਗਿੱਲ ਹੋਣਾਂ ਨੇ ਮੇਲੇ ਦੀ ਕਾਮਯਾਬੀ ਲਈ ਆਏ ਹੋਏ ਸਾਰੇ ਹੀ ਦਰਸ਼ਕਾਂ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ। ਡਾਕਟਰ ਬੀ ਆਰ ਅੰਬੇਡਕਰ ਕਲੱਬ ਯੂਐਸਏ ਦੇ ਪ੍ਰਧਾਨ ਅਸ਼ੋਕ ਕੁਮਾਰ ਮਾਹੀ ਹੁਣਾਂ ਨੇ ਕਿਹਾ ਕਿ ਮੇਲੇ ਦੀ ਕਾਮਯਾਬੀ ਨੂੰ ਦੇਖਦੇ ਹੋਏ ਉਹਨਾਂ ਦੇ ਕਲੱਬ ਵੱਲੋਂ ਹਰ ਸਾਲ ਇਸੇ ਤਰ੍ਹਾਂ ਵੱਡਾ ਮੇਲਾ ਨਿਊਯਾਰਕ ਦੇ ਵਿੱਚ ਲਗਵਾਇਆ ਜਾਵੇਗਾ। ਫੋਕ ਸਟਾਰ ਇੰਟਰਟੇਨਮੈਂਟ ਤੋਂ ਧੀਰਜ ਕੁਮਾਰ ਹੋਣਾਂ ਨੇ ਮੇਲੇ ਵਿੱਚ ਆਏ ਹੋਏ ਸਾਰੇ ਹੀ ਪਤਵੰਤਿਆਂ ਦਾ ਦਿਲੋਂ ਧੰਨਵਾਦ ਕੀਤਾ। ਇਹ ਮੇਲਾ ਲੋਕਾਂ ਨੂੰ ਚਿਰਾਂ ਤੱਕ ਯਾਦ ਰਹੇਗਾ ਤੇ ਪੰਜਾਬੀ ਇਸੇ ਤਰ੍ਹਾਂ ਹੀ ਬਾਹਰਲੇ ਮੁਲਕਾਂ ਵਿੱਚ ਪੰਜਾਬੀ ਸੱਭਿਆਚਾਰ ਦੀਆਂ ਬਾਤਾਂ ਪਾਉਂਦੇ ਰਹਿਣਗੇ।

ਸੀਨੀਅਰ ਪੱਤਰਕਾਰ ਸ੍ਰੀ ਗੁਰਮੀਤ ਖਾਨਪੁਰੀ ਨੂੰ ਸਦਮਾ, ਧਰਮ ਪਤਨੀ ਸ਼੍ਰੀਮਤੀ ਅਮਰਜੀਤ ਕੌਰ ਦਾ ਦੇਹਾਂਤ

ਦੇਸ਼ ਵਿਦੇਸ਼ ਦੇ ਕਲਾਕਾਰਾਂ ਵਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ

ਸਰੀ /ਵੈਨਕੂਵਰ (ਕੁਲਦੀਪ ਚੁੰਬਰ)– ਕਸਬਾ ਸ਼ਾਮ ਚੁਰਾਸੀ ਦੇ ਸਿਰਮੌਰ , ਸੀਨੀਅਰ ਪੱਤਰਕਾਰ (ਰੋਜਾਨਾ ਅਜੀਤ) ਅਤੇ ਉਸਤਾਦ ਨਜ਼ਾਕਤ ਅਲੀ ਸਲਾਮਤ ਅਲੀ ਸੱਭਿਆਚਾਰਕ ਸੁਸਾਇਟੀ ਸ਼ਾਮ ਚੁਰਾਸੀ ਵਿੱਚ ਚੇਅਰਮੈਨ ਸ੍ਰੀਮਾਨ ਗੁਰਮੀਤ ਖਾਨਪੁਰੀ ਜੀ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਿਆ, ਜਦੋਂ ਉਹਨਾਂ ਦੇ ਧਰਮ ਪਤਨੀ ਸ਼੍ਰੀਮਤੀ ਅਮਰਜੀਤ ਕੌਰ ਆਪਣੀ ਸਵਾਸਾਂ ਦੀ ਪੂੰਜੀ ਭੋਗਦੇ ਹੋਏ ਪ੍ਰਭੂ ਚਰਨਾਂ ਵਿੱਚ ਜਾ ਬਿਰਾਜੇ। ਇਸ ਦੁੱਖ ਦੀ ਘੜੀ ਵਿੱਚ ਹਰ ਵਰਗ ਦੇ ਵਿਅਕਤੀ ਵਲੋਂ ਸ੍ਰੀ ਖਾਨਪੁਰੀ ਜੀ ਦੇ ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ । ਵੱਖ-ਵੱਖ ਧਾਰਮਿਕ, ਸਮਾਜਿਕ, ਵਿਦਿਅਕ ਅਤੇ ਸਭਿਆਚਾਰਕ ਮੰਚਾਂ ਵਲੋਂ ਉਹਨਾਂ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ ਗਿਆ।

ਕਨੇਡਾ ਤੋਂ ਵਿਸ਼ੇਸ਼ ਤੌਰ ਤੇ ਕੁਲਦੀਪ ਚੁੰਬਰ, ਲੋਕ ਗਾਇਕ ਸੁਰਿੰਦਰ ਲਾਡੀ, ਐਸ ਰਿਸ਼ੀ, ਲਾਡੀ ਸੂਸਾਂ ਵਾਲਾ, ਉਪਿੰਦਰ ਮਠਾਰੂ, ਜਸਵੀਰ ਸ਼ੀਰਾ, ਬੀ ਕੇ ਮਾਨ, ਸੁਨੀਲ ਅਲਾਵਲਪੁਰ, ਰਿੱਕ ਨੂਰ, ਰਵੀ ਅਲਾਵਲਪੁਰ, ਰਾਜ ਗੁਲਜਾਰ, ਰੰਮੀ ਅਰਜਨਵਾਲ, ਲੋਕ ਗਾਇਕ ਸੁਰਿੰਦਰਜੀਤ ਮਕਸੂਦਪੁਰੀ, ਪ੍ਰੀਤ ਗੁਰਾਇਆ, ਜੀਵਨ ਮਾਨ , ਅੰਕਰ ਦਿਨੇਸ਼ ਦੀਪ ਇਟਲੀ, ਪੰਮਾ ਸੁੰਨੜ, ਵਿੱਕੀ ਮੋਰਾਂਵਾਲੀਆ, ਏ ਐਸ ਰਮਤਾ ਯੂਐਸਏ, ਰਾਮ ਜੀ ਭੋਗਪੁਰ ਨਿਊਯਾਰਕ, ਰੱਤੂ ਰੰਧਾਵਾ ਆਸਟ੍ਰੇਲੀਆ, ਅਮਰਜੀਤ ਬੰਗੜ ਨਿਊਜ਼ੀਲੈਂਡ, ਗੋਲਡੀ ਦਰਦੀ ਇਟਲੀ, ਦਲਵੀਰ ਹਰੀਪੁਰੀਆ ਟੋਰਾਂਟੋ ਸਮੇਤ ਕਈ ਹੋਰ ਕਲਾਕਾਰਾਂ ਨੇ ਸਤਿਕਾਰਯੋਗ ਗੁਰਮੀਤ ਖਾਨਪੁਰੀ ਜੀ ਅਤੇ ਉਹਨਾਂ ਦੇ ਬੇਟੇ ਸੁਖਜੀਤ ਖਾਨਪੁਰੀ ਦੇ ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ ।

ਅੰਤਿਮ ਅਰਦਾਸ ਅਤੇ ਭੋਗ 1 ਅਕਤੂਬਰ ਨੂੰ

ਸ਼੍ਰੀਮਤੀ ਅਮਰਜੀਤ ਕੌਰ ਨਮਿੱਤ ਪਾਠ ਦਾ ਭੋਗ ਤੇ ਅੰਤਿਮ ਅਰਦਾਸ 1 ਅਕਤੂਬਰ 2025 ਨੂੰ ਉਹਨਾਂ ਦੇ ਜੱਦੀ ਪਿੰਡ ਖਾਨਪੁਰ (ਸਹੋਤਾ) ਜ਼ਿਲ੍ਹਾ ਹੁਸ਼ਿਆਰਪੁਰ ਦੇ ਗੁਰਦੁਆਰਾ ਸਿੰਘ ਸਭਾ ਵਿਖੇ ਸਵੇਰੇ 11 ਵਜੇ ਤੋਂ ਡੇਢ ਵਜੇ ਤੱਕ ਹੋਵੇਗੀ । ਜਿਸ ਵਿੱਚ ਵੱਖ-ਵੱਖ ਵਰਗਾਂ ਦੇ ਵਿਅਕਤੀਆਂ ਵਲੋਂ ਵਿਛੜੀ ਨੂੰ ਸ਼ਰਧਾਂਜਲੀਆਂ ਦਿੱਤੀਆਂ ਜਾਣਗੀਆਂ ।

ਸਵੇਰ ਦੀ ਸੈਰ ਕਰਨ ਨਾਲ ਬੰਦਾ ਸਾਰਾ ਦਿਨ ਆਪਣੇ ਆਪ ਨੂੰ ਤਾਜ਼ਾ ਤਾਜ਼ਾ ਮਹਿਸੂਸ ਕਰਦਾ ਹੈ : ਡਾ ਆਸ਼ੀਸ਼ ਸਰੀਨ

ਹੁਸ਼ਿਆਰਪੁਰ (ਤਰਸੇਮ ਦੀਵਾਨ) – ਅੱਜ ਕੱਲ੍ਹ ਲੋਕ ਜਿੰਮ ਵਿੱਚ ਮਸ਼ੀਨਾਂ 'ਤੇ ਕਸਰਤ ਕਰਦੇ ਹਨ । ਪਰ ਜੋ ਸਵੇਰ ਦੀ ਸੈਰ ਦਾ ਆਨੰਦ ਹੈ ਉਹ ਕਿਸੇ ਵੀ ਜਿੰਮ ਵਿੱਚੋ ਨਹੀਂ ਮਿਲ ਸਕਦਾ ਕਿਉਂਕਿ ਸਵੇਰ ਦੀ ਸੈਰ ਕਰਨ ਵੇਲੇ ਪ੍ਰਦੂਸ਼ਣ ਤੋਂ ਰਹਿਤ ਸ਼ੁੱਧ ਹਵਾ ਮਿਲਦੀ ਹੈ ਜਿਸ ਨਾਲ ਸਰੀਰ ਸਾਰੀ ਦਿਹਾੜੀ ਇੱਕ ਦਮ ਤਰੋ ਤਾਜ਼ਾ ਰਹਿੰਦਾ ਹੈ ! ਇਹ ਵਿਚਾਰ "ਹਿਜ਼ ਐਕਸੀਲੈਂਟ ਐਂਡ ਕੋਚਿੰਗ ਸੈਂਟਰ" ਅਤੇ ਸੈਂਟ ਕਬੀਰ ਪਬਲਿਕ ਹਾਈ ਸਕੂਲ ਚੱਗਰਾ ਦੇ ਐਮ ਡੀ ਡਾ ਆਸ਼ੀਸ਼ ਸਰੀਨ ਨੇ ਸਾਡੇ ਪੱਤਰਕਾਰ ਨਾਲ ਸਾਂਝੇ ਕੀਤੇ ! ਉਹਨਾਂ ਕਿਹਾ ਕਿ ਸੜਕਾਂ 'ਤੇ ਸਵੇਰੇ ਸੈਰ ਕਰਨ ਨਾਲ ਸੜਕਾਂ ਤੇ ਰੌਣਕ ਦੇਖੀ ਜਾਦੀ ਹੈ। ਉਹਨਾਂ ਕਿਹਾ ਕਿ ਕੁੱਝ ਲੋਕ ਪਾਰਕਾਂ ਵਿੱਚ ਸੈਰ ਕਰਦੇ ਹਨ ਕੁਝ ਲੋਕਾਂ ਨੂੰ ਸਾਈਕਲਿੰਗ ਦਾ ਸ਼ੌਕ ਹੁੰਦਾ ਹੈ,ਅਤੇ ਉਹ ਲੋਕ ਸਵੇਰ ਵੇਲੇ ਕਈ ਕਿਲੋਮੀਟਰ ਸਾਈਕਲ ਚਲਾਉਂਦੇ ਹਨ। ਉਹਨਾਂ ਲੋਕਾਂ ਨੂੰ ਅਪੀਲ ਕੀਤੀ ਕਿ ਸਵੇਰੇ ਜਲਦੀ ਉੱਠ ਕੇ ਤਾਜ਼ਾ ਤੇ ਸ਼ੁੱਧ ਹਵਾ ਲੈਣ ਵਾਸਤੇ ਸੈਰ ਜਰੂਰ ਕਰਿਆਂ ਕਰੋ ਕਿਉਂਕਿ ਸਵੇਰ ਦਾ ਵਾਤਾਵਰਨ ਬਹੁਤ ਹੀ ਸਾਫ਼ ਤੇ ਸੁਥਰਾ ਹੁੰਦਾ ਹੈ ਅਤੇ ਸਵੇਰ ਵੇਲੇ ਪੰਛੀਆ ਦੀਆਂ ਚੀ,ਚੀ ਦੀਆਂ ਆਵਾਜ਼ਾਂ ਕੰਨਾਂ ਵਿੱਚ ਇੱਕ ਅਲੱਗ ਤਰ੍ਹਾਂ ਦੀਆਂ ਤਰੰਗਾਂ ਛੇੜਦੀਆਂ ਹਨ। ਉਹਨਾਂ ਕਿਹਾ ਕਿ ਕਈ ਲੋਕ ਸਵੇਰੇ ਸਵੇਰੇ ਸਬਜ਼ੀ ਖਰੀਦਣ ਮੰਡੀ ਨੂੰ ਜਾਦੇ ਹਨ ਪਰੰਤੂ ਉਹ ਵੀ ਇੱਕ ਤਰ੍ਹਾਂ ਦੀ ਸੈਰ ਹੀ ਹੁੰਦੀ ਹੈ। ਸਵੇਰ ਦੀ ਸੈਰ ਕਰਨ ਨਾਲ ਬੰਦਾ ਸਾਰਾ ਦਿਨ ਆਪਣੇ ਆਪ ਨੂੰ ਤਾਜ਼ਾ ਤਾਜ਼ਾ ਮਹਿਸੂਸ ਕਰਦਾ ਹੈ ਅਤੇ ਬੀਮਾਰੀਆਂ ਤੋਂ ਛੁਟਕਾਰਾ ਮਿਲਦਾ ਹੈ ਚਿਹਰੇ 'ਤੇ ਹਰਵੇਲੇ ਰੌਣਕ ਜਿਹੀ ਸਾਈ ਰਹਿਦੀ ਹੈ ਅਤੇ ਸਾਰਾ ਦਿਨ ਸੁਸਤੀ ਨਹੀਂ ਪੈਂਦੀ। ਉਹਨਾਂ ਕਿਹਾ ਕਿ ਸਵੇਰੇ ਸੈਰ ਕਰਨ ਅਤੇ ਸਵੇਰੇ ਉੱਠ ਕੇ ਤਰੇਲ ਉੱਪਰ ਨੰਗੇ ਪੈਰੀ ਘੁੰਮਣ ਨਾਲ ਅੱਖਾਂ ਦੀ ਰੌਸ਼ਨੀ ਵੱਧਦੀ ਹੈ। ਉਹਨਾਂ ਕਿਹਾ ਕਿ ਬੱਚਿਆਂ ਲਈ ਸਵੇਰ ਦੀ ਸੈਰ ਇਕ ਟਾਨਿਕ ਵਰਗੀ ਹੁੰਦੀ ਹੈ। ਉਹਨਾਂ ਕਿਹਾ ਕਿ ਜੋ ਲੋਕ ਸਵੇਰ ਦੀ ਸੈਰ ਰੋਜਾਨਾ ਕਰਦੇ ਹਨ ਉਨ੍ਹਾਂ ਨੂੰ ਬੀਮਾਰੀਆਂ ਬਹੁਤ ਘੱਟ ਲੱਗਦੀਆਂ ਅਤੇ ਜੋ ਲੋਕ ਸਵੇਰ ਦੀ ਸੈਰ ਕਰਦੇ ਹਨ ਉਹ ਕਦੇ ਵੀ ਬਜ਼ੁਰਗ ਜਿਹੇ ਨਹੀਂ ਲੱਗਦੇ। ਉਹਨਾਂ ਕਿਹਾ ਕਿ ਜੋ ਨਜ਼ਾਰਾ ਸਵੇਰ ਦੀ ਸੈਰ ਦਾ ਹੁੰਦਾ ਹੈ, ਉਹ ਜਿੰਮ ਜਾ ਕੇ ਨਹੀਂ ਮਿਲ ਸਕਦਾ। ਉਹਨਾਂ ਕਿਹਾ ਕਿ ਵਾਤਾਵਰਣ ਵਿੱਚ ਇੰਸੂਲਿਨ ਵੀ ਹੁੰਦੀ ਹੈ। ਜੋ ਕਿ ਸ਼ੂਗਰ ਦੇ ਮਰੀਜ਼ਾਂ ਲਈ ਬਹੁਤ ਹੀ ਲਾਭਦਾਇਕ ਹੈ। ਉਹਨਾਂ ਕਿਹਾ ਕਿ ਇਹ ਇਨ-ਸੁਲਿਨ ਸੂਰਜ ਚੜ੍ਹਨ ਤੋਂ ਪਹਿਲਾਂ ਪਹਿਲਾਂ ਹੀ ਵਾਤਾਵਰਣ ਵਿੱਚ ਹੁੰਦੀ ਹੈ। ਉਹਨਾਂ ਕਿਹਾ ਕਿ ਇਹ ਪਰਮਾਤਮਾ ਦਾ ਇੱਕ ਅਨਮੋਲ ਤੋਹਫ਼ਾ ਹੈ।

ਸੱਚਦੇਵਾ ਸਟਾਕਸ ਵਾਕਥੌਨ ਪ੍ਰਤੀ ਮੈਰੀ ਗੋਲਡ ਸਕੂਲ ਵਿੱਚ ਵਿਦਿਆਰਥੀਆਂ ਨੂੰ ਦਿੱਤੀ ਜਾਣਕਾਰੀ

ਹੁਸ਼ਿਆਰਪੁਰ (ਤਰਸੇਮ ਦੀਵਾਨਾ) - ਫਿੱਟ ਬਾਈਕਰ ਕਲੱਬ ਹੁਸ਼ਿਆਰਪੁਰ ਵੱਲੋਂ 2 ਨਵੰਬਰ 2025 ਨੂੰ 5 ਕਿਲੋਮੀਟਰ ਦੀ ਕਰਵਾਈ ਜਾ ਰਹੀ ਸੱਚਦੇਵਾ ਸਟਾਕਸ ਹੁਸ਼ਿਆਰਪੁਰ ਵਾਕਥੌਨ ਪ੍ਰਤੀ ਕਲੱਬ ਦੇ ਪ੍ਰਧਾਨ ਪਰਮਜੀਤ ਸੱਚਦੇਵਾ ਵੱਲੋਂ ਮੈਰੀ ਗੋਲਡ ਪਬਲਿਕ ਸਕੂਲ ਵਿੱਚ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ ਗਈ। ਇਸ ਸਮੇਂ ਪਰਮਜੀਤ ਸੱਚਦੇਵਾ ਨੇ ਕਿਹਾ ਕਿ ਇਹ ਵਾਕਥੌਨ ਸਾਡੇ ਉੱਘੇ ਐਥਲੀਟ ਸਵ. ਫੌਜਾ ਸਿੰਘ ਨੂੰ ਸਮਰਪਿਤ ਹੈ। ਪਰਮਜੀਤ ਸੱਚਦੇਵਾ ਨੇ ਦੱਸਿਆ ਕਿ ਇਸ ਵਾਕਥੌਨ ਵਿੱਚ ਹਰ ਇੱਕ ਸ਼ਹਿਰ ਵਾਸੀ ਭਾਗ ਲੈ ਸਕੇਗਾ ਅਤੇ ਇਸ ਤੋਂ ਇਲਾਵਾ 8 ਸਾਲ ਤੱਕ ਦੇ ਬੱਚਿਆਂ ਲਈ 5 ਕਿਲੋਮੀਟਰ ਦੀ ਸਾਈਕਲੋਥਾਨ ਵੀ ਕਰਵਾਈ ਜਾ ਰਹੀ ਹੈ। ਉਨ੍ਹਾਂ ਅੱਗੇ ਦੱਸਿਆ ਕਿ ਇਸ ਲਈ 50 ਰੁਪਏ ਰਜਿਸਟਰੇਸ਼ਨ ਫੀਸ ਰੱਖੀ ਗਈ ਹੈ ਤੇ ਇਸ ਨਾਲ ਜੋ ਵੀ ਪੈਸਾ ਇਕੱਠਾ ਹੋਵੇਗਾ ਉਹ ਸਾਰਾ ਜੇ.ਐੱਸ.ਐੱਸ.ਆਸ਼ਾ ਕਿਰਨ ਸਪੈਸ਼ਲ ਸਕੂਲ ਜਹਾਨਖੇਲਾ ਨੂੰ ਦਾਨ ਵਜੋਂ ਦਿੱਤਾ ਜਾਵੇਗਾ। ਪਰਮਜੀਤ ਸੱਚਦੇਵਾ ਨੇ ਦੱਸਿਆ ਕਿ ਇਸ ਈਵੇਂਟ ਵਿੱਚ ਭਾਗ ਲੈਣ ਵਾਲਿਆਂ ਨੂੰ ਮੈਡਲ, ਟੀ-ਸ਼ਰਟ ਅਤੇ ਰਿਫਰੈਸ਼ਮੈਂਟ ਕਲੱਬ ਵੱਲੋਂ ਦਿੱਤੀ ਜਾਵੇਗੀ ਤੇ ਇਹ ਵਾਕਥੌਨ ਸਥਾਨਕ ਲਾਜਵੰਤੀ ਸਟੇਡੀਅਮ ਤੋਂ ਸ਼ੁਰੂ ਹੋਵੇਗੀ। ਇਸ ਮੌਕੇ ਹਨੀ ਸਾਹਨੀ, ਵਿਵੇਕ ਸਾਹਨੀ, ਉੱਤਮ ਸਿੰਘ ਸਾਬੀ, ਗੁਰਮੇਲ ਸਿੰਘ, ਅਮਰਿੰਦਰ ਸੈਣੀ, ਸਾਗਰ ਸੈਣੀ, ਅਮਰਿੰਦਰ ਸੈਣੀ, ਮੁਨੀਰ ਨਾਜਰ, ਦੌਲਤ ਸਿੰਘ, ਸੰਜੀਵ ਸੋਹਲ, ਰਹਿਤ ਬਸੀ, ਉਕਾਂਰ ਸਿੰਘ, ਤਰਲੋਚਨ ਸਿੰਘ, ਸੌਰਭ ਸ਼ਰਮਾ, ਗੁਰਵਿੰਦਰ ਸਿੰਘ ਵੀ ਮੌਜੂਦ ਸਨ।

ਫੋਟੋ ਅਜਮੇਰ ਦੀਵਾਨਾ

ਮਲੇਰੀਆ ਤੋਂ ਬਚਾਅ ਲਈ ਸਿਹਤ ਟੀਮਾਂ ਵੱਲੋਂ ਸਰਵੇ ਜਾਰੀ- ਡਾ: ਰਮਨਦੀਪ ਕੌਰ

ਡੇਂਗੂ ਤੇ ਮਲੇਰੀਆ ਸੰਬੰਧੀ ਕਾਲਜ ਵਿਦਿਆਰਥਣਾਂ ਨੂੰ ਕੀਤਾ ਜਾਗਰੂਕ

ਲੁਧਿਆਣਾ (ਕਰਨੈਲ ਸਿੰਘ ਐੱਮ.ਏ.) ਸਿਵਲ ਸਰਜਨ ਲੁਧਿਆਣਾ ਡਾ: ਰਮਨਦੀਪ ਕੌਰ ਦੀ ਅਗਵਾਈ ਹੇਠ ਸਿਹਤ ਵਿਭਾਗ ਵੱਲੋਂ ਜ਼ਿਲ੍ਹੇ ਭਰ ਵਿੱਚ ਮਲੇਰੀਆ ਅਤੇ ਡੇਂਗੂ ਸੰਬੰਧੀ ਵੱਡੇ ਪੱਧਰ ਤੇ ਸਰਵੇ ਕੀਤੇ ਜਾ ਰਹੇ ਹਨ ਤਾਂ ਕਿ ਜ਼ਿਲ੍ਹੇ ਭਰ ਵਿੱਚ ਡੇਂਗੂ ਅਤੇ ਮਲੇਰੀਆ ਨੂੰ ਫੈਲਣ ਤੋਂ ਰੋਕਿਆ ਜਾ ਸਕੇ । ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸਿਵਲ ਸਰਜਨ ਨੇ ਦੱਸਿਆ ਕਿ ਮਲੇਰੀਆ ਅਤੇ ਡੇਂਗੂ ਤੋਂ ਬਚਾਅ ਸੰਬੰਧੀ ਸਿਹਤ ਵਿਭਾਗ ਦੀਆਂ ਵੱਖ-ਵੱਖ ਟੀਮਾਂ ਤੋਂ ਇਲਾਵਾ ਵਿਭਾਗ ਦੇ ਮਾਸ ਮੀਡੀਆ ਵਿੰਗ ਵੱਲੋਂ ਵੀ ਸਕੂਲਾਂ ਕਾਲਜਾਂ ਵਿੱਚ ਵਿਦਿਆਰਥੀਆਂ ਅਤੇ ਆਮ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ । ਇਸ ਸੰਬੰਧੀ ਅੱਜ ਗੁਰੂ ਨਾਨਕ ਗਰਲਜ਼ ਕਾਲਜ ਮਾਡਲ ਟਾਊਨ ਵਿਖੇ ਸੈਂਕੜੇ ਵਿਦਿਆਰਥਣਾਂ ਨੂੰ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਮਾਸ ਮੀਡੀਆ ਤੇ ਸੂਚਨਾ ਅਫ਼ਸਰ ਪਰਮਿੰਦਰ ਸਿੰਘ ਅਤੇ ਜ਼ਿਲ੍ਹਾ ਬੀਸੀਸੀ ਕੋ-ਆਰਡੀਨੇਟਰ ਬਰਜਿੰਦਰ ਸਿੰਘ ਬਰਾੜ ਨੇ ਦੱਸਿਆ ਕਿ ਮਲੇਰੀਆ ਇੱਕ ਖਤਰਨਾਕ ਬਿਮਾਰੀ ਹੈ ਜੋ ਕਿ ਐਨਾਫਲੀਜ਼ ਮਾਦਾ ਮੱਛਰ ਦੇ ਕੱਟਣ ਨਾਲ ਫੈਲਦੀ ਹੈ। ਇਹ ਮੱਛਰ ਘਰਾਂ ਦੇ ਆਲੇ ਦੁਆਲੇ ਖੜ੍ਹੇ ਗੰਦੇ ਪਾਣੀ ਵਿੱਚ ਪੈਦਾ ਹੁੰਦਾ ਹੈ । ਇਸ ਨੂੰ ਪੈਦਾ ਹੋਣ ਤੋਂ ਰੋਕਣ ਲਈ ਆਲੇ-ਦੁਆਲੇ ਦੀ ਸਫ਼ਾਈ ਰੱਖਣੀ ਜ਼ਰੂਰੀ ਹੈ । ਮੱਛਰ ਦੇ ਕੱਟਣ ਤੋਂ ਬਚਣ ਲਈ ਮੱਛਰ ਭਜਾਉਣ ਵਾਲੀਆਂ ਕ੍ਰੀਮਾਂ ਅਤੇ ਹੋਰ ਯੰਤਰਾਂ ਅਤੇ ਸੌਣ ਵੇਲੇ ਮੱਛਰਦਾਨੀਆਂ ਦੀ ਵਰਤੋਂ ਕਰਨੀ ਚਾਹੀਦੀ ਹੈ । ਮਲੇਰੀਆ ਦੇ ਮੁੱਖ ਲੱਛਣ ਤੇਜ਼ ਬੁਖਾਰ, ਕਾਂਬਾ ਲੱਗਣਾ , ਪਸੀਨਾ ਆਉਣਾ, ਸਿਰ ਦਰਦ, ਉਲਟੀਆਂ ਅਤੇ ਸਰੀਰ ਵਿੱਚ ਬੇਹੱਦ ਥਕਾਵਟ ਹੁੰਦੀ ਹੈ। ਉਹਨਾਂ ਦੱਸਿਆ ਕਿ ਡੇਂਗੂ ਏਡੀਜ਼ ਮੱਛਰ ਦੇ ਕੱਟਣ ਨਾਲ ਹੁੰਦਾ ਹੈ। ਇਹ ਮੱਛਰ ਖ਼ਾਸ ਤੌਰ 'ਤੇ ਸਵੇਰ ਅਤੇ ਸ਼ਾਮ ਦੇ ਸਮੇਂ ਕੱਟਦਾ ਹੈ। ਡੇਂਗੂ ਦੇ ਲੱਛਣਾਂ ਵਿੱਚ ਅਚਾਨਕ ਤੇਜ਼ ਬੁਖਾਰ, ਅੱਖਾਂ ਦੇ ਪਿੱਛੇ ਦਰਦ, ਜੋੜਾਂ ਅਤੇ ਪੇਸ਼ੀਆਂ ਵਿੱਚ ਦਰਦ ਹੁੰਦਾ ਹੈ ।ਡੇਂਗੂ ਅਤੇ ਮਲੇਰੀਆ ਦੀ ਜਾਂਚ ਅਤੇ ਇਲਾਜ਼ ਜ਼ਿਲ੍ਹੇ ਦੇ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਮੁਫ਼ਤ ਹੁੰਦਾ ਹੈ । ਇਸ ਮੌਕੇ ਤੇ ਕਾਲਜ ਦੇ ਡਾਇਰੈਕਟਰ ਡਾ: ਚਰਨਜੀਤ ਕੌਰ ਮਾਹਲ, ਪ੍ਰਿੰਸੀਪਲ ਡਾ: ਰਾਖੀ ਮਲਹੋਤਰਾ, ਪ੍ਰੋਗਰਾਮ ਕੋ-ਆਰਡੀਨੇਟਰ ਡਾ: ਜਸਕੀਰਤ ਕੌਰ, ਡਾ: ਜਸਬੀਰ ਕੌਰ ਅਤੇ ਸੀਨੀਅਰ ਅਸਿਸਟੈਂਟ ਅਤੇ ਅਕਾਊਂਟੈਂਟ ਸੁਨੀਲ ਚੋਪੜਾ ਤੋਂ ਇਲਾਵਾ ਹੋਰ ਸਟਾਫ਼ ਵੀ ਮੌਜੂਦ ਸੀ ।

ਪੰਜਾਬ ਦੀ ਆਪ ਸਰਕਾਰ ਹਰ ਪੱਖੋ ਫੇਲ ਅਤੇ ਜੁਮਲੇਬਾਜ਼ੀ ਦੀ ਸਰਕਾਰ ਸਾਬਤ ਹੋਈ ਹੈ : ਬੇਗਮਪੁਰਾ ਟਾਈਗਰ ਫੋਰਸ

ਆਉਣ ਵਾਲੀਆਂ 2027 ਦੀਆ ਚੋਣਾਂ ਵਿੱਚ ਪੰਜਾਬ ਦੇ ਲੋਕ ਝਾੜੂ ਦੇ ਤੀਲੇ ਪੂਰੀ ਤਰ੍ਹਾਂ ਖਿਲਾਰ ਦੇਣਗੇ : ਹੈਪੀ,ਸਤੀਸ਼,ਬੰਟੀ

ਹੁਸ਼ਿਆਰਪੁਰ (ਤਰਸੇਮ ਦੀਵਾਨਾ) ਬੇਗਮਪੁਰਾ ਟਾਈਗਰ ਫੋਰਸ ਦੀ ਇੱਕ ਮੀਟਿੰਗ ਫੋਰਸ ਦੇ ਮੁੱਖ ਦਫਤਰ ਭਗਤ ਨਗਰ ਨੇੜੇ ਮਾਡਲ ਟਾਉਨ ਹੁਸ਼ਿਆਰਪੁਰ ਵਿਖੇ ਫੋਰਸ ਦੇ ਜਿਲ੍ਹਾ ਪ੍ਰਧਾਨ ਹੈਪੀ ਫ਼ਤਹਿਗੜ੍ਹ ਅਤੇ ਜਿਲ੍ਹਾ ਸੀਨੀਅਰ ਮੀਤ ਪ੍ਰਧਾਨ ਸਤੀਸ਼ ਕੁਮਾਰ ਸ਼ੇਰਗੜ੍ਹ ਦੀ ਪ੍ਰਧਾਨਗੀ ਹੇਠ ਹੋਈ ! ਜਿਸ ਵਿੱਚ ਚੇਅਰਮੈਨ ਤਰਸੇਮ ਦੀਵਾਨਾ, ਉਪ ਚੇਅਰਮੈਨ ਕ੍ਰਿਸ਼ਨ ਲਾਲ ਬਲੀਏਵਾਲ, ਕੌਮੀ ਪ੍ਰਧਾਨ ਧਰਮਪਾਲ ਸਾਹਨੇਵਾਲ, ਉਪ ਪ੍ਰਧਾਨ ਪੰਜਾਬ ਡਾ. ਸੁਰਿੰਦਰ ਜਖੂ, ਸਕੱਤਰ ਪੰਜਾਬ ਕਸ਼ਮੀਰ ਲਾਲ ਚੱਕੀ ਵਾਲਾ , ਸੀਨੀਅਰ ਮੈਂਬਰ ਗੁਰਨਾਮ ਸਿੰਘ ਅਤੇ ਅਨਿਲ ਕੁਮਾਰ ਬੰਟੀ ਹਲਕਾ ਪ੍ਰਧਾਨ ਹਰਿਆਣਾ ਭੁੰਗਾ ਆਦਿ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ ! ਇਸ ਮੌਕੇ ਪਵਨ ਕੁਮਾਰ ਬੱਧਣ ਉਰਫ ਗੋਲਡੀ ਦੀਵਾਨਾਂ ਨੂੰ ਬੇਗਮਪੁਰਾ ਟਾਈਗਰ ਫੋਰਸ ਦਾ ਸ਼ਹਿਰੀ ਪ੍ਰਧਾਨ ਨਿਯੁਕਤ ਕੀਤਾ ਗਿਆ ਅਤੇ ਨਜ਼ਦੀਕੀ ਪਿੰਡ ਅਹਿਰਾਣਾ ਕਲਾਂ ਵਿਖੇ ਬੇਗਮਪੁਰਾ ਟਾਈਗਰ ਫੋਰਸ ਦੇ ਯੂਨਿਟ ਦਾ ਗਠਨ ਵੀ ਕੀਤਾ ਗਿਆ ਜਿਸ ਵਿੱਚ ਗੁਰਦੀਪ ਕੁਮਾਰ ਪ੍ਰਧਾਨ ਬਲਾਕ ਮੇਹਟੀਆਣਾ, ਕੁਲਵੰਤ ਸਿੰਘ ਸੀਨੀਅਰ ਮੀਤ ਪ੍ਰਧਾਨ, ਸਰਬਜੀਤ ਸੰਧੂ ਉਪ ਪ੍ਰਧਾਨ, ਅਜਮੇਰ ਸਿੰਘ, ਹਰਜੋਤ ਸਿੰਘ, ਤਰਸੇਮ ਸਿੰਘ, ਗੁਰਮੀਤ ਸਿੰਘ, ਅਤੇ ਸੋਮਾ ਨੂੰ ਬਲਾਕ ਮੇਹਟੀਆਣਾ ਤੋਂ ਸਕੱਤਰ ਨਿਯੁਕਤ ਕੀਤਾ ਗਿਆ ! ਚੁਣੇ ਗਏ ਨਵ ਨਿਯੁਕਤ ਅਹੁਦੇਦਾਰਾਂ ਨੇ ਪ੍ਰਣ ਕੀਤਾ ਕਿ ਫੋਰਸ ਵੱਲੋਂ ਸੌਂਪੀ ਗਈ ਜਿੰਮੇਵਾਰੀ ਅਸੀਂ ਤਨ ਮੰਨ ਧੰਨ ਨਾਲ ਨਿਭਾਵਾਂਗੇ ਅਤੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਤੇ ਬਾਬਾ ਸਾਹਿਬ ਭੀਮ ਰਾਉ ਅੰਬੇਦਕਰ ਜੀ ਦੇ ਫਲਸਫੇ ਨੂੰ ਘਰ ਘਰ ਪਹੁੰਚਾਵਾਗੇ ! ਆਗੂਆ ਨੇ ਕਿਹਾ ਕਿ ਪੰਜਾਬ ਦੀ ਆਪ ਸਰਕਾਰ ਹਰ ਪੱਖ ਤੋਂ ਫੇਲ ਅਤੇ ਜੁਮਲੇਬਾਜ਼ੀ ਦੀ ਸਰਕਾਰ ਸਾਬਤ ਹੋਈ ਹੈ ਕਿਉਂਕਿ ਪੰਜਾਬ ਸਰਕਾਰ ਪੰਜਾਬ ਵਿੱਚ ਕੋਈ ਨਵਾਂ ਪ੍ਰੋਜੈਕਟ ਜਾਂ ਇੰਡਸਟਰੀ ਲਾਉਣ ਜਾ ਲਿਆਉਣ ਵਿੱਚ ਨਕਾਮ ਰਹੀ ਹੈ ! ਉਹਨਾਂ ਕਿਹਾ ਕਿ ਪੰਜਾਬ ਸਰਕਾਰ ਕੇਂਦਰ ਦੇ ਨਕਸ਼ੇ ਕਦਮਾਂ ਉੱਤੇ ਚੱਲ ਕੇ ਜਿਸ ਤਰ੍ਹਾਂ ਕੇਂਦਰ ਸਰਕਾਰ ਨੇ ਹਿੰਦੁਸਤਾਨ ਦੇ ਰੇਲਵੇ ਸਟੇਸ਼ਨ ਏਅਰਪੋਰਟ ਅਤੇ ਹੋਰ ਸਰਕਾਰੀ ਅਰਧ ਸਰਕਾਰੀ ਜਮੀਨਾਂ ਨੂੰ ਪ੍ਰਾਈਵੇਟ ਲੋਕਾਂ ਦੇ ਹੱਥਾਂ ਵਿੱਚ ਦੇ ਕੇ ਉਜਾੜਾ ਕੀਤਾ ਹੈ ਉੱਥੇ ਹੁਣ ਪੰਜਾਬ ਸਰਕਾਰ ਵੀ ਹੁਣ ਨਵੇਂ ਤੁਗਲਕੀ ਫਰਮਾਨ ਜਾਰੀ ਕਰਕੇ ਪੰਜਾਬ ਨੂੰ ਕੰਗਾਲੀ ਦੇ ਰਾਹ ਤੇ ਲਿਆਉਣ ਦੀ ਤਾਕ ਵਿੱਚ ਹੈ ! ਉਹਨਾਂ ਕਿਹਾ ਕਿ ਇਸ ਦੀ ਇੱਕ ਤਾਜ਼ੀ ਮਿਸਾਲ ਪਿਛਲੇ ਦਿਨੀ ਪੰਚਾਇਤਾਂ ਦੀ ਇਕਾਇਰ ਕੀਤੀ ਗਈ ਜਮੀਨ ਦਾ ਪੰਜ ਪ੍ਰਤੀਸ਼ਤ ਪੰਜਾਬ ਸਰਕਾਰ ਨੂੰ ਦੇਣ ਦਾ ਫਰਮਾਨ ਜਾਰੀ ਕੀਤਾ ਹੈ ਇਸ ਤੋਂ ਸਾਬਤ ਹੁੰਦਾ ਹੈ ਕਿ ਪੰਜਾਬ ਸਰਕਾਰ ਦਾ ਦਿਵਾਲੀ ਤੋਂ ਪਹਿਲਾਂ ਹੀ ਦਿਵਾਲਾ ਨਿਕਲ ਚੁੱਕਾ ਹੈ ! ਇਸ ਕਰਕੇ ਪੰਜਾਬ ਦੇ ਮੁਲਾਜ਼ਮਾ ਨੂੰ ਜੋ ਦਿਵਾਲੀ ਵੇਲੇ ਤੋਹਫੇ ਦੇ ਤੌਰ ਤੇ ਮਹਿਗਾਈ ਭੱਤੇ ਅਤੇ ਹੋਰ ਸਹੂਲਤਾਂ ਦਿੱਤੀਆਂ ਜਾਂਦੀਆਂ ਸੀ ਲੱਗਦਾ ਹੈ ਕਿ ਇਸ ਵਾਰ ਮੁਲਾਜਮ ਉਹਨਾਂ ਤੋਂ ਵੀ ਵਾਂਝੇ ਰਹਿਣਗੇ ! ਉਹਨਾ ਕਿਹਾ ਕਿ ਅਗਰ ਪੰਜਾਬ ਸਰਕਾਰ ਆਪਣੇ ਐਮਐਲਏ ਅਤੇ ਮੰਤਰੀਆਂ ਦੇ ਸਰਕਾਰ ਵਿੱਚ ਆਉਣ ਤੋਂ ਪਹਿਲਾਂ ਇਹਨਾ ਦੇ ਇਨਕਮ ਸਾਧਨ, ਜਾਇਦਾਦਾਂ ਦੇ ਨਾਲ ਨਾਲ ਇਹਨਾਂ ਦੇ ਖਾਤਿਆਂ ਦੀ ਜਾਂਚ ਕਰਾਵੇ ਤਾਂ ਇਹ ਐਮਐਲਏ ਅਤੇ ਮੰਤਰੀ ਪਿਛਲੀਆਂ ਸਰਕਾਰਾਂ ਦੇ ਸਾਰੇ ਹੀ ਮੰਤਰੀਆਂ ਨੂੰ ਪਿੱਛੇ ਛੱਡ ਕੇ ਇੱਕ ਨੰਬਰ ਤੇ ਆ ਜਾਣਗੇ ! ਉਹਨਾਂ ਕਿਹਾ ਕਿ ਪੰਜਾਬ ਸਰਕਾਰ ਜੋ ਕਿ ਜੁਮਲੇਬਾਜ਼ੀ ਅਤੇ ਝੂਠ ਬੋਲ, ਲਾਰੇ ਲਾ ਕੇ ਆਪਣਾ ਸਮਾਂ ਟਪਾ ਰਹੀ ਹੈ ਆਉਣ ਵਾਲੀਆਂ 27 ਦੀਆਂ ਚੋਣਾਂ ਵਿੱਚ ਪੰਜਾਬ ਦੇ ਲੋਕ ਇਹਨਾਂ ਦਾ ਪੰਜਾਬ ਵਿੱਚੋ ਨਾਮੋ ਨਿਸ਼ਾਨ ਖਤਮ ਕਰ ਦੇਣਗੇ ਉਹਨਾਂ ਕਿਹਾ ਕਿ ਪੰਜਾਬ ਦੀ ਆਪ ਸਰਕਾਰ ਨੇ ਜਿਨਾਂ ਹਾਲਾਤਾਂ ਵਿੱਚ ਪੰਜਾਬ ਦੇ ਲੋਕਾ ਨੂੰ ਜਿਸ ਜਗ੍ਹਾ ਤੇ ਖੜਾ ਕਰ ਦਿੱਤਾ ਹੈ ਉੱਥੇ ਤਾਂ ਹੁਣ ਪੰਜਾਬ ਵਾਸੀਆਂ ਦਾ ਰੱਬ ਹੀ ਰਾਖਾ ਹੈ। ਇਸ ਮੌਕੇ ਹੋਰਨਾ ਤੋ ਇਲਾਵਾ, ਅਮਰੀਕ ਸਿੰਘ ਰਾਜੂ, ਸਤੀਸ਼ ਕੁਮਾਰ ਬਸੀ ਵਾਹਿਦ ਹਰਜਿੰਦਰ ਜੰਡਿਆਲੀ, ਦਲੀਪ ਚੰਦ, ਗਿਆਨ ਚੰਦ, ਰਾਮ ਮੂਰਤੀ ਸ਼ੇਰਪੁਰ ਗੁਲਿੰਡ, ਅਤੇ ਤਰਸੇਮ ਲਾਲ ਸ਼ੇਰਪੁਰ ਗੁਲਿੰਡ ਆਦਿ ਹਾਜਰ ਸਨ ! **ਫੋਟੋ ਅਜਮੇਰ ਦੀਵਾਨਾ**

ਗੀਤਾਂ ਦੇ ਵਣਜਾਰੇ ਨੂੰ

ਪਿਛਲੇ ਜਨਮ ਦਾ ਜਿਵੇਂ
ਕੋਈ ਕਰਜ਼ ਉਤਾਰਿਆ ਹੈ ।
ਤੇਰਾ ਆਪਣੇ ਖੰਡਰ ਉੱਤੇ
ਮਹਿਲ ਉਸਾਰਿਆ ਹੈ ।
ਕਿਉਂਕਿ ਅਸੀਂ ਮੁਰੀਦ ਹਾਂ
ਤੇਰੇ ਮੁਹੱਬਤੀ ਗੀਤਾਂ ਦੇ ;
ਤੈਨੂੰ ਪੜ੍ਹਿਆ ਸੁਣਿਆਂ ਵੇਖਿਆ
ਚੰਗੀ ਤਰ੍ਹਾਂ ਨਿਹਾਰਿਆ ਹੈ ।

ਮੂਲ ਚੰਦ ਸ਼ਰਮਾ
ਪ੍ਰਧਾਨ, ਪੰਜਾਬੀ ਸਾਹਿਤ ਸਭਾ ਧੂਰੀ ਜਿਲ੍ਹਾ ਸੰਗਰੂਰ।
9914836037

ਡਰ ਗਏ

ਬਹੁਤੇ ਤਾਂ ਹੈਵਾਨੀਅਤ ਦਾ ਮੰਜ਼ਰ, ਦੇਖ ਕੇ ਜਰ ਗਏ,
ਕੁਝ ਲੋਕ ਸ਼ਰਮਿੰਦਗੀ ਦੇ ਸਾਗਰ 'ਚ, ਡੁੱਬ ਕੇ ਮਰ ਗਏ।

ਕਮਜ਼ੋਰ ਹੱਥਾਂ ਦੇ ਵਿੱਚ, ਹਥਿਆਰ ਆਏ ਜਦ ਕਦੇ,
ਤਾਂ ਉਹ ਹੱਥ ਵਿਚਾਰੇ, ਖੁਦ ਨੂੰ ਹੀ ਜ਼ਖਮੀ ਕਰ ਗਏ।

ਬੜੇ ਜੋਸ਼ ਨਾਲ ਤੂਫਾਨ, ਉਠਿਆ ਸੀ ਇਨਕਲਾਬ ਦਾ,
ਜਿੱਤ ਕੋਲ ਆ ਕੇ ਯੋਧੇ, ਪਰਿਵਾਰਾਂ ਖਾਤਰ ਡਰ ਗਏ।

ਇਨਕਲਾਬ 'ਤੇ ਵਿਦਰੋਹ ਦਾ ਫ਼ਰਕ, ਸਮਝਣਾ ਜ਼ਰੂਰੀ ਹੈ,
ਕੁਝ ਮਤਲਬੀ ਦੋਵਾਂ ਦਾ, ਕਰਕੇ ਮਿਲਗੋਭਾ ਧਰ ਗਏ।

ਬੜਾ ਫ਼ਿਕਰ ਸੀ ਕਿ ਪਾਣੀ ਬਿਨ, ਪੰਜਾਬ ਦਾ ਬਣੇਗਾ ਕੀ,
ਬਾਰਿਸ਼ਾਂ 'ਚ ਤਾਂ ਪਾਣੀ 'ਤਜਿੰਦਰ', ਛੱਤਾਂ ਤੱਕ ਭਰ ਗਏ।

ਡਾ. ਤੇਜਿੰਦਰ...

ਕਵਿਤਾ ਤੇ ਮੈਂ

ਕਵਿਤਾ ਇਕ ਦਿਨ ਵਿੱਚ ਖੁਆਬੀਂ,ਹੈ ਸੀ ਆਉਣ ਜਗਾਇਆ,
ਕਹਿੰਦੀ ਮੈਂ ਤੇਰੇ ਲਈ ਇੱਥੇ ਆਈ,ਹੁਣ ਤੂੰ ਕਿਉਂ ਘਬਰਾਇਆ।
ਦਰਸ਼ ਦੀਦਾਰ ਦਿੱਤਾ ਜਦ ਕਵਿਤਾ,ਦੁਨੀਆਂ ਹੋ ਗਈ ਨਿਆਰੀ,
ਇਸ ਜ਼ਿੰਦਗੀ ਦੇ ਦੁੱਖ ਸੁੱਖ ਭੁਲ ਕੇ, ਕਵਿਤਾ ਹੀ ਲੱਗੇ ਪਿਆਰੀ।

ਮੈਂ ਕਵਿਤਾ ਨੂੰ ਪਾਸ ਬਿਠਾ ਕੇ,ਫੇਰ ਮਨ ਦੀ ਗੱਲ ਸੁਣਾਈ,
ਮੈਨੂੰ ਨੀ ਸੀ ਕਵਿਤਾ ਮਿਲਦੀ,ਬਹੁਤ ਮੈਂ ਨਿਗਾਹ ਦੌੜਾਈ।
ਤੇਰੀ ਵਿੱਚ ਉਡੀਕੇ ਸੀ ਮੈਂ, ਦਿਨ ਤੇ ਰਾਤ ਲੰਘਾਉਂਦਾ,
ਤੈਨੂੰ ਹੀ ਲੱਭਣ ਦੀ ਖਾਤਿਰ, ਧਿਆਨ ਪ੍ਰਭੂ ਵੱਲ ਲਾਉਂਦਾ।

ਮੈਂ ਕਾਹਨੂੰ ਸੀ ਇੱਥੇ ਆਉਣਾ, ਇਕ ਤੇਰੀ ਖਿੱਚ ਲਿਆਈ,
ਇਸ ਦੁਨੀਆਂ ਦੇ ਰਿਸਤੇ ਝੂਠੇ,ਹੈ ਝੂਠੀ ਸਭ ਵਡਿਆਈ।
ਤੇਰੇ ਮਿਲਣ ਦੀ ਤਾਂਘ ਸੀ ਅੜੀਏ,ਰੱਬ ਸੱਚੇ ਭੇਦ ਛੁਪਾਇਆ,
ਤਾਂਹੀਂ ਤਾਂ ਇਹ ਜੀਵਨ ਅਸੀਂ,ਹੈ ਕੰਡਿਆਂ ਸੰਗ ਬੀਤਾਇਆ।

ਸੁਣ ਲੈ ਨਾਲ ਮੁਹੱਬਤ ਪਿਆਰੇ,ਹਾਂ ਮੈਂ ਕਵਿਤਾ ਬਣ ਆਈ,
ਤੂੰ ਮੈਨੂੰ ਇਕ ਜੀਵਨ ਦਿੱਤਾ, ਮੈਂ ਦਰਦ ਪੀੜ ਉਠਾਈ।
ਦੁੱਖ ਦਰਦਾਂ ਤੇ ਪੀੜਾਂ ਦੈ ਕੇ, ਇਹ ਸੁੱਤੀ ਕਲਾ ਜਗਾਈ,
ਜਿਹਦੀ ਰੌਸ਼ਨੀ ਮਾਣ ਰਹੀ ਹੈ,ਅੱਜ ਇਹ ਸਭੇ ਲੋਕਾਈ।

ਮੈਨੂੰ ਤੇਰੀ ਕਵਿਤਾ ਬਣ ਕੇ, ਹੈ ਜੀਵਨ ਇਕ ਮਿਲਿਆ,
ਦੁੱਖ ਸੁੱਖ ਸਾਰੇ ਪਿੱਛੇ ਸੁੱਟ ਕੇ, ਲੜ ਤੇਰਾ ਆ ਫੜਿਆ।
ਤੇਰੀ ਵਿੱਚ ਉਡੀਕੇ ਹੁਣ ਮੈਂ,ਦਿਨ ਤੇ ਰਾਤ ਲੰਘਾਵਾਂ
ਪਲ-ਪਲ ਸਾਥ ਨਿਭਾਈਂ ਮੇਰਾ,ਇਹੋ ਹੁਣ ਮੈਂ ਚਾਹਵਾਂ।

ਕਵਿਤਾ ਤੇ ਮੈਂ ਦੋਹਾਂ ਮਿਲ ਕੇ, ਫੇਰ ਸੰਵਾਦ ਰਚਾਇਆ,
ਅੱਗੇ ਗੱਲ ਸੁਣਾਵਾਂ ਕਿੱਦਾਂ, ਵੇਖ ਪ੍ਰਭੂ ਦੀ ਮਾਇਆ।
ਗਜ਼ਲਾਂ ਨਜ਼ਮਾਂ ਖੂਬ ਬਣਾਈਏ,ਜੋ ਖਿਆਲ ਸਾਡੇ ਵਿੱਚ ਆਵੇ,
ਬੈਂਤ ਛੰਦ ਰੁਬਾਈ ਵਿੱਚ ਵੀ ਕਵਿਤਾ,ਪਲ-ਪਲ ਸਾਥ ਨਿਭਾਵੇ।

ਕਵਿਤਾ ਮੈਂ ਵਿੱਚ ਮੈਂ ਕਵਿਤਾ 'ਚ,ਗੱਲ ਸੱਚੀ ਆਖ ਸੁਣਾਵਾਂ,
ਇਸ ਜੀਵਨ ਦੇ ਇਕ-ਇਕ ਪਲ ਨੂੰ,ਨਾਂਅ ਕਵਿਤਾ ਦੇ ਲਾਵਾਂ।
ਕਵਿਤਾ ਹੀ ਨਿਸ਼ਾਨ ਬਣ ਗਈ,ਕਵਿਤਾ ਹੀ ਫੁਰਮਾਨ ਬਣ ਗਈ,
ਬਨਾਰਸੀ ਦਾਸ ਸੱਚ ਆਖਦਾ,ਕਵਿਤਾ ਹੀ ਪਹਿਚਾਣ ਬਣ ਗਈ।

ਬਨਾਰਸੀ ਦਾਸ ਅਧਿਆਪਕ ਰੱਤੇਵਾਲ
ਸੰਪਰਕ: 94635-05286

ਆ ਜਾਂਦੇ

ਇਸ ਅਣਜਾਣੀ ਜਹੀ ਦੁਨੀਆਂ ਵਿੱਚ
ਮਿਲ ਜਾਂਦੇ ਕਈ,ਵਿੱਚ ਰਾਹ ਜਾਂਦੇ
ਉਨ੍ਹਾਂ ਲੋਕਾਂ 'ਚੋਂ ਥੋਡੀ ਜ਼ਿੰਦਗੀ ਵਿਚ
ਕੁਝ ਅਚਨਚੇਤ ਹੀ ਆ ਜਾਂਦੇ
ਕੁਝ ਮਨ ਨੂੰ ਚੰਗੇ ਲੱਗਦੇ ਨਹੀਂ
ਕੁਝ ਪਹਿਲੀ ਤੱਕਣੀ ਭਾਅ ਜਾਂਦੇ
ਕੁਝ ਮਿੱਠੀਆਂ ਗੱਲਾਂ ਕਰ ਕਰ ਕੇ
ਮਨ ਥੋਡੇ ਨੂੰ ਭਰਮਾ ਜਾਂਦੇ
ਕੁਝ ਬਿਨ ਮਤਲਬ ਹੋ ਜਾਣ ਥੋਡੇ
ਕੁਝ ਮਤਲਬ ਹੱਲ ਕਰਵਾ ਜਾਂਦੇ
ਕੁਝ ਸਬਕ ਸਿੱਖਣ ਲਈ ਆਉਂਦੇ ਨੇ
ਕੁਝ ਥੋਨੂੰ ਹੀ ਸਬਕ ਸਿਖਾ ਜਾਂਦੇ
ਕੁਝ ਖੇਡ ਥੋਡੇ ਜਜ਼ਬਾਤਾਂ ਨਾਲ
ਦਿਲ ਥੋਡੇ ਨੂੰ ਲਾ ਢਾਅ ਜਾਂਦੇ
ਕੁਝ ਬੁਝਿਆ ਮਨ ਖੁਸ਼ ਕਰ ਜਾਂਦੇ
ਕੁਝ ਮਨ ਨੂੰ ਠੇਸ ਪੁਚਾ ਜਾਂਦੇ
ਕੁਝ ਆਉਂਦੇ ਦਰਦ ਵੰਡਾਵਣ ਲਈ
ਕੁਝ ਹੋਰ ਵੀ ਦਰਦ ਵਧਾ ਜਾਂਦੇ
ਕੁਝ ਕਰਦੇ ਨੇ ਸਤਿਕਾਰ ਬੜਾ
ਕੁਝ ਖੁਦ ਔਕਾਤ ਦਿਖਾ ਜਾਂਦੇ
ਕੁਝ ਔਖ ਵੇਲੇ ਮੂੰਹ ਮੋੜ ਜਾਂਦੇ
ਕੁਝ ਆਪਣਾ ਫ਼ਰਜ਼ ਨਿਭਾ ਜਾਂਦੇ
ਕੁਝ ਦੂਰ ਹੋ ਕੇ ਵੀ, ਨੇੜੇ ਦਾ
ਥੋਨੂੰ ਅਹਿਸਾਸ ਕਰਾ ਜਾਂਦੇ
ਕੁਝ ਚੇਹਰਾ ਵੇਖ ਕੇ ਸਮਝ ਜਾਂਦੇ
ਕੁਝ ਅੱਖੀਆਂ ਨਾ' ਸਮਝਾ ਜਾਂਦੇ
ਕੁਝ ਨਫ਼ਰਤ ਵੰਡ ਕੇ ਤੁਰ ਜਾਂਦੇ
ਕੁਝ ਦਿਲ ਤੋਂ ਪਿਆਰ ਜਤਾ ਜਾਂਦੇ
ਕੁਝ ਕਰਦੇ ਗੱਲ ਇਨਸਾਨੀਅਤ ਦੀ
ਕੁਝ ਧਰਮ ਦਾ ਪਾਠ ਪੜ੍ਹਾ ਜਾਂਦੇ
ਕੁਝ ਯਾਦ ਰਹਿੰਦੇ ਨੇ ਜ਼ਿੰਦਗੀ ਭਰ
ਕੁਝ ਦਿਲ 'ਚੋਂ ਯਾਦ ਭੁਲਾ ਜਾਂਦੇ
ਕੁਝ ਕਰ ਜਾਂਦੇ ਵਿਵਹਾਰ ਚੰਗਾ
ਕੁਝ ਘਟੀਆਪਣ ਦਿਖਲਾ ਜਾਂਦੇ
ਬੁਰੇ ਸਭਨਾਂ 'ਚੋਂ 'ਖੁਸ਼ੀ' ਬੇ-ਸ਼ੁਕਰੇ
ਕੱਢ ਮਤਲਬ ਰੰਗ ਵਟਾ ਜਾਂਦੇ

ਖੁਸ਼ੀ ਮੁਹੰਮਦ ਚੱਠਾ

ਜਨਮਦਿਨ ਮੁਬਾਰਕ

ਯਸ਼ਿਕਾ
ਪੁੱਤਰੀ ਵਿਸ਼ਵਦੀਪ ਫ਼ਫ਼ਿਆ ਦਰਸ਼ਨੀ
ਸੰਗਰੂਰ

ਹਾਈ ਮਾਸਟ ਲਾਈਟਾਂ ਨਾਲ ਜਗਮਗਾਈ ਹੁਸ਼ਿਆਰਪੁਰ ਦੀ ਇਤਿਹਾਸਕ ਦੁਸਹਿਰਾ ਗਰਾਊਂਡ

ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ) ਹੁਸ਼ਿਆਰਪੁਰ ਦੀ ਇਤਿਹਾਸਕ ਦੁਸਹਿਰਾ ਗਰਾਊਂਡ ਨੂੰ ਹੋਰ ਆਕਰਸ਼ਕ ਅਤੇ ਆਧੁਨਿਕ ਦਿੱਖ ਦੇਣ ਵੱਲ ਇਕ ਹੋਰ ਕਦਮ ਵਧਾਉਂਦੇ ਹੋਏ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਇਥੇ 101 ਫੁੱਟ ਉੱਚੀ ਹਾਈ ਮਾਸਟ ਲਾਈਟ ਦਾ ਉਦਘਾਟਨ ਕੀਤਾ। ਇਸ ਨਾਲ ਗਰਾਊਂਡ ਵਿਚ ਹਾਈ ਮਾਸਟ ਲਾਈਟਾਂ ਦੀ ਗਿਣਤੀ ਵੱਧ ਕੇ ਤਿੰਨ ਹੋ ਗਈ ਹੈ। ਇਸ ਮੌਕੇ ਵਿਧਾਇਕ ਜਿੰਪਾ ਨੇ ਕਿਹਾ ਕਿ ਪਹਿਲਾਂ ਚੋਅ ਦੇ ਇਸ ਇਲਾਕੇ ਵਿਚ ਘੁੱਪ ਹਨੇਰਾ ਰਹਿੰਦਾ ਸੀ ਅਤੇ ਲੋਕ ਰਾਤ ਨੂੰ ਇੱਥੋਂ ਲੰਘਣ ਲੱਗਿਆਂ ਵੀ ਡਰਦੇ ਸਨ। ਪ੍ਰੰਤੂ ਹੁਣ ਹਾਈ ਮਸਟ ਲਾਈਟਾਂ ਲੱਗਣ ਕਾਰਨ ਦੁਸਹਿਰਾ ਗਰਾਊਂਡ ਅਤੇ ਆਸਪਾਸ ਦਾ ਕਰੀਬ ਇਕ ਕਿਲੋਮੀਟਰ ਦਾ ਇਲਾਕਾ ਰਾਤ ਨੂੰ ਦਿਨ ਦਾ ਭੁਲੇਖਾ ਪਾਉਂਦਾ ਹੈ। ਇਸ ਮੌਕੇ ਸਥਾਨਕ

ਨਾਗਰਿਕਾਂ ਨੇ ਖੁਸ਼ੀ ਜ਼ਾਹਰ ਕਰਦਿਆਂ ਕਿਹਾ ਕਿ ਦੁਸਹਿਰਾ ਗਰਾਊਂਡ ਦੀ ਬਦਲੀ ਨੁਹਾਰ ਸ਼ਹਿਰ ਵਾਸੀਆਂ ਲਈ ਮਾਣ ਵਾਲੀ ਗੱਲ ਹੈ। ਪਹਿਲਾਂ ਇਥੇ ਹਨੇਰਾ ਅਤੇ ਹੋਰ ਰੁਕਾਵਟਾਂ ਸਮਾਗਮਾਂ ਦੇ ਆਯੋਜਨ ਵਿਚ ਵਿਘਨ ਪਾਉਂਦੀਆਂ ਸਨ, ਪਰੰਤੂ ਹੁਣ ਬਿਹਤਰ ਰੋਸ਼ਨੀ ਅਤੇ ਹੋਰ ਸਹੂਲਤਾਂ ਨੇ ਮਾਹੌਲ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ ਹੈ। ਵਿਧਾਇਕ ਜਿੰਪਾ ਨੇ ਕਿਹਾ ਕਿ ਹੁਸ਼ਿਆਰਪੁਰ ਦਾ ਦੁਸਹਿਰਾ ਮੇਲਾ ਉੱਤਰੀ ਭਾਰਤ ਦੇ ਸਭ ਤੋਂ ਵੱਡੇ ਮੈਦਾਨ ਵਿਚ ਲਗਾਇਆ ਜਾਂਦਾ ਹੈ, ਜਿਸ ਵਿਚ ਹਰ ਸਾਲ ਡੇਢ ਲੱਖ ਤੋਂ ਵੱਧ ਲੋਕ ਹਿੱਸਾ ਲੈਂਦੇ ਹਨ। ਉਨ੍ਹਾਂ ਕਿਹਾ ਕਿ ਇਸ ਵਿਸ਼ਾਲ ਆਯੋਜਨ ਨੂੰ ਦੇਖਦੇ ਹੋਏ ਲਗਾਤਾਰ ਸਹੂਲਤਾਂ ਦਾ ਵਿਸਥਾਰ ਕੀਤਾ ਜਾ ਰਿਹਾ ਹੈ। ਮੁੱਖ ਮੰਤਰੀ ਪੰਜਾਬ ਵੱਲੋਂ ਦਰਸ਼ਕਾਂ ਦੇ ਬੈਠਣ ਲਈ ਪੱਕੀਆਂ ਪੌੜੀਆਂ ਬਣਾਉਣ ਦਾ ਐਲਾਨ ਕੀਤਾ ਗਿਆ ਸੀ, ਜਿਸ ਦਾ ਕੰਮ ਪੂਰਾ ਹੋਣ 'ਤੇ ਲੋਕਾਂ ਕੋਲ ਬੈਠਣ ਦੀ ਕਾਫ਼ੀ ਸਹੂਲਤ ਹੋਵੇਗੀ। ਇਸ ਤੋਂ ਇਲਾਵਾ ਦੁਸਹਿਰਾ ਮੈਦਾਨ ਦੇ ਨਾਲ ਲੱਗਦੇ ਰਸਤੇ ਨੂੰ ਸੁੰਦਰ ਬਣਾਇਆ ਜਾਵੇਗਾ ਅਤੇ 'ਰਾਮ ਮਾਰਗ' ਵਿਚ ਬਦਲ ਦਿੱਤਾ ਜਾਵੇਗਾ।

ਸਿਖਲਾਈ ਕੈਂਪ ਲਾ ਕੇ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਲਈ ਪ੍ਰੇਰਿਆ

ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ) ਮੁੱਖ ਖੇਤੀਬਾੜੀ ਅਫਸਰ ਡਾ. ਰਾਕੇਸ਼ ਕੁਮਾਰ ਸ਼ਰਮਾ ਦੀ ਪ੍ਰਧਾਨਗੀ ਅਤੇ ਖੇਤੀਬਾੜੀ ਅਫਸਰ ਡਾ. ਸੁਰਿੰਦਰ ਕੁਮਾਰ ਦੀ ਯੋਗ ਅਗਵਾਈ ਹੇਠ ਬਲਾਕ ਬਲਾਚੌਰ ਦੇ ਪਿੰਡ ਜਾਡਲੀ ਵਿਖੇ ਸੀ.ਆਰ.ਐਮ ਸਕੀਮ ਅਧੀਨ ਪਰਾਲੀ ਨੂੰ ਅੱਗ ਨਾ ਲਗਾਉਣ ਅਤੇ ਕੁਦਰਤੀ ਖੇਤੀ ਸਬੰਧੀ ਕਿਸਾਨ ਸਿਖਲਾਈ ਕੈਂਪ ਲਗਾਇਆ ਗਿਆ। ਡਾ ਸੁਰਿੰਦਰ ਕੁਮਾਰ ਨੇ ਫਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਨਾ ਲਗਾਉਣ ਸੰਬੰਧੀ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਕੌਮੀ ਗ੍ਰੀਨ ਟ੍ਰਿਬਿਊਨਲ ਵਲੋਂ ਵਾਤਾਵਰਣ ਤੇ ਮਾਨਵੀ ਸਿਹਤ ਨੂੰ ਖੇਤਾਂ ਵਿੱਚ ਫਸਲਾਂ ਦੀ ਰਹਿੰਦ ਖੂੰਹਦ ਸਾੜਨ ਨਾਲ ਹੁੰਦੇ ਨੁਕਸਾਨ ਉੱਤੇ ਡੂੰਘੀ ਚਿੰਤਾ ਪ੍ਰਗਟਾਈ ਜਾਂਦੀ ਹੈ। ਇਸ ਕਰਕੇ ਕੌਮੀ ਗ੍ਰੀਨ ਟ੍ਰਿਬਿਊਨਲ ਵਲੋਂ ਖੇਤਾਂ ਵਿੱਚ ਝੋਨੇ ਦੀ ਪਰਾਲੀ ਸਾੜਨ ਤੇ ਪੂਰਨ ਪਾਬੰਦੀ ਲਗਾ ਦਿੱਤੀ ਗਈ ਹੈ ਜਿਸ ਦੀ ਪਾਲਣਾ ਕਰਨਾ ਸਮੇਂ ਦੀ ਮੁੱਖ ਮੰਗ ਹੈ ਤਾਂ ਜੋ ਵਾਤਾਵਰਣ ਨੂੰ ਦੂਸ਼ਿਤ ਹੋਣ ਤੋਂ ਬਚਾਇਆ ਜਾ ਸਕੇ। ਖੇਤੀਬਾੜੀ

ਅਫ਼ਸਰ ਨੇ ਕਿਹਾ ਕਿ ਪਰਾਲੀ ਸਾੜਨ ਦੀ ਸਮੱਸਿਆ ਦਾ ਹੱਲ ਕਰਨ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਲੋਂ ਵੱਖ ਵੱਖ ਮਸ਼ੀਨਾਂ ਜਿਵੇਂ ਕਿ ਬੇਲਰ, ਹੈਪੀ ਸੀਡਰ, ਪਰਾਲੀ ਕੁਤਰਨ ਅਤੇ ਖਿਲਾਰਨ ਲਈ ਚੌਪਰ, ਸਰਫੇਸ ਸੀਡਰ, ਸੁਪਰ ਸੀਡਰ, ਜੀਰੋ ਡਰਿੱਲ, ਮਲਚਰ ਆਦਿ ਦੀ ਸਿਫਾਰਸ਼ ਕੀਤੀ ਗਈ ਹੈ। ਉਨ੍ਹਾਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਝੋਨੇ ਦੀ ਫਸਲ ਨੂੰ ਸੁਪਟ ਸਟਰਾਅ ਮੈਨਜਮੈਂਟ ਸਿਸਟਮ(ਐਸ ਐਮ ਐਸ) ਵਾਲੀ ਕੰਬਾਇਨ ਮਸ਼ੀਨਾਂ ਨਾਲ ਹੀ ਕਟਾਈ ਕਰਵਾਉਣ ਜੋ ਕਿ ਝੋਨਾ ਵੱਢਦੇ ਸਮੇਂ ਪਰਾਲੀ ਨੂੰ ਕੁਤਰਾ ਕਰਕੇ ਇਕਸਾਰ ਖਿਲਾਰ ਦਿੰਦੀ ਹੈ ਅਤੇ ਇਸ ਤਰਾਂ ਦੀ ਕੰਬਾਇਨ ਨਾਲ ਵਾਢੀ ਤੋਂ ਬਾਅਦ ਹੈਪੀਸੀਡਰ ਅਤੇ ਖੁੱਲੀਆਂ ਕਤਾਰਾਂ ਵਾਲੀ ਜੀਰੋ ਟਿੱਲ ਡਰਿੱਲ ਅਤੇ ਬਾਕੀ ਸੀਡਰਾਂ ਨਾਲ ਕਣਕ ਦੀ ਬਿਜਾਈ ਨਾੜ ਨੂੰ ਬਿਨ੍ਹਾਂ ਅੱਗ ਲਗਾਏ ਹੋ ਸਕਦੀ ਹੈ। ਖੇਤੀਬਾੜੀ ਵਿਕਾਸ ਅਫਸਰ ਡਾ ਜਗਮਨਦੀਪ ਕੌਰ ਅਤੇ ਖੇਤੀਬਾੜੀ ਵਿਸਥਾਰ ਅਫਸਰ ਰਾਜ ਕੁਮਾਰ ਨੇ ਕਿਸਾਨਾਂ ਨੂੰ ਕਣਕ ਅਤੇ ਝੋਨੇ ਦੀ ਫਸਲ ਉੱਤੇ ਪੌਦ ਸੁਰੱਖਿਆ ਅਤੇ ਕੁਦਰਤੀ ਖੇਤੀ ਸੰਬੰਧੀ ਆਪਣੇ ਵਿਚਾਰ ਪੇਸ਼ ਕੀਤੇ। ਉਨਾਂ ਕਿਸਾਨਾਂ ਨੂੰ ਲੋੜ ਅਨੁਸਾਰ ਹੀ ਕੀਟਨਾਸ਼ਕਾਂ ਦੀ ਵਰਤੋਂ ਕਰਨ ਦੀ ਸਲਾਹ ਦਿੱਤੀ। ਇਸ ਮੌਕੇ ਰਾਜ ਕੁਮਾਰ ਸੈਕਟਰੀ, ਨਵਰੂਪ ਸਿੰਘ ਪ੍ਰਧਾਨ, ਪਰਮਜੀਤ ਸਿੰਘ ਨੰਬਰਦਾਰ, ਆਦਿ ਅਗਾਂਹ ਵਧੂ ਕਿਸਾਨ ਹਾਜ਼ਰ ਸਨ।

ਬੰਗਾ ਦੇ ਪਿੰਡ ਹੱਪੋਵਾਲ ਦੇ ਸਰਪੰਚ ਦੇ ਵੱਜੀਆਂ ਗੋਲੀਆਂ, ਗੰਭੀਰ ਜਖਮੀ... ਆਮ ਆਦਮੀ ਪਾਰਟੀ ਨਾਲ ਜੁੜਿਆ ਹੋਇਆ ਹੈ ਗੁਰਿੰਦਰ ਭਲਵਾਨ

ਬੰਗਾ (ਚਰਨਜੀਤ ਸੱਲ੍ਹਾਂ) ਬੰਗਾ ਹਲਕੇ ਦੇ ਪਿੰਡ ਹੱਲੋਵਾਲ ਦੇ ਸਰਪੰਚ ਦੇ ਗੋਲੀਆਂ ਵੱਜੀਆਂ ਹਨ ਜੋਂ ਕਿ ਗਭੀਰ ਹਾਲਤ ਵਿੱਚ ਬੰਗਾ ਦੇ ਇੱਕ ਨਿੱਜੀ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਹੈ

ਸਰਪੰਚ ਸਾਹਿਬ ਆਮ ਆਦਮੀ ਪਾਰਟੀ ਦੇ ਨਾਲ ਜੁੜਿਆ ਹੋਇਆ ਹੈ ਅੱਜ ਅਣਪਛਾਤੇ ਵਿਅਕਤੀਆਂ ਨੇ ਉਸ ਉਪਰ ਗੋਲੀਆਂ ਚਲਾਈਆਂ ਹਨ ਉਸ ਟਾਈਮ ਉਹ ਖੇਤਾਂ ਵਿੱਚ ਕੰਮ ਕਰ ਰਿਹਾ ਸੀ ਪੁਲਿਸ ਵੀ ਮੌਕੇ ਤੇ ਪਹੁੰਚ ਗਈ ਸੀ ਤੇ ਪੁਛ ਗਿਛ ਕਰ ਰਹੀ ਹੈ ਹਾਲੇ ਤੱਕ ਕੋਈ ਸੁਰਾਗ ਨਹੀਂ ਮਿਲਿਆ।

ਬਠਿੰਡਾ ਦੇ ਪ੍ਰਾਇਮਰੀ ਸਕੂਲਾਂ ਵਿੱਚ 'ਸਵੱਛਤਾ ਪਖਵਾੜਾ' ਪੂਰੇ ਜ਼ੋਰਾਂ 'ਤੇ-ਡੀ.ਈ.ਓ. ਮਨਿੰਦਰ ਕੌਰ

ਸਾਲ 2016 ਤੋਂ ਚੱਲ ਰਹੀ ਮੁਹਿੰਮ ਤਹਿਤ 16 ਤੋਂ 30 ਸਤੰਬਰ ਤੱਕ ਸਫਾਈ ਅਤੇ ਜਾਗਰੂਕਤਾ ਗਤੀਵਿਧੀਆਂ ਜਾਰੀ

ਬਠਿੰਡਾ। ਜ਼ਿਲ੍ਹਾ ਬਠਿੰਡਾ ਵਿੱਚ ਸਮੂਹ ਪ੍ਰਾਇਮਰੀ ਸਕੂਲਾਂ ਵਿੱਚ ਮਨਾਏ ਜਾ ਰਹੇ ਸਵੱਛਤਾ ਪੰਦਰਵਾੜੇ ਸਬੰਧੀ ਮਨਿੰਦਰ ਕੌਰ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸਿੱਖਿਆ ਬਠਿੰਡਾ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਜ਼ਿਲ੍ਹੇ ਦੇ ਸਮੂਹ ਪ੍ਰਾਇਮਰੀ ਸਕੂਲਾਂ ਵਿੱਚ 'ਸਵੱਛਤਾ ਪਖਵਾੜਾ' ਪੂਰੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਹ ਪਖਵਾੜਾ 16 ਸਤੰਬਰ ਤੋਂ ਸ਼ੁਰੂ ਹੋ ਕੇ 30 ਸਤੰਬਰ ਤੱਕ ਚੱਲੇਗਾ।

ਉਹਨਾਂ ਦੱਸਿਆ ਕਿ ਸਵੱਛਤਾ ਪਖਵਾੜਾ ਸਾਲ 2016 ਤੋਂ ਹਰ ਸਾਲ ਸਮੂਹ ਸਕੂਲਾਂ ਵਿੱਚ ਲਗਾਤਾਰ ਮਨਾਇਆ ਜਾਂਦਾ ਹੈ। ਇਸਦਾ ਮੁੱਖ ਉਦੇਸ਼ ਸਿਰਫ਼ ਕੁਝ ਦਿਨਾਂ ਲਈ ਸਫਾਈ ਕਰਨਾ ਨਹੀਂ, ਸਗੋਂ ਸਕੂਲਾਂ ਵਿੱਚ ਸਫਾਈ ਅਤੇ ਸਵੱਛਤਾ ਦੇ ਮਾਹੌਲ ਨੂੰ ਲੰਬੇ ਸਮੇਂ ਤੱਕ ਕਾਇਮ ਰੱਖਣਾ ਅਤੇ ਬੱਚਿਆਂ ਨੂੰ ਸਫ਼ਾਈ ਦੀ ਮਹੱਤਤਾ ਪ੍ਰਤੀ ਜਾਗਰੂਕ ਕਰਨਾ ਹੈ।

ਇਸ ਮੌਕੇ 'ਸਵੱਛਤਾ ਪਖਵਾੜਾ' ਦੇ ਜ਼ਿਲ੍ਹਾ ਨੋਡਲ ਅਫ਼ਸਰ, ਜਤਿੰਦਰ ਸ਼ਰਮਾ ਨੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਸਮੂਹ ਸਕੂਲਾਂ ਵਿੱਚ ਅਧਿਆਪਕਾਂ ਅਤੇ ਵਿਦਿਆਰਥੀਆਂ ਵੱਲੋਂ ਵੱਡੇ ਪੱਧਰ 'ਤੇ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹਨ। ਇਹ ਗਤੀਵਿਧੀਆਂ ਵਿਦਿਆਰਥੀਆਂ ਵਿੱਚ ਸਵੱਛਤਾ ਪ੍ਰਤੀ ਚੇਤਨਾ ਪੈਦਾ ਕਰਨ ਲਈ ਅਤਿ ਜ਼ਰੂਰੀ ਹਨ। ਉਹਨਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਰੋਜ਼ਾਨਾ ਜੀਵਨ ਵਿੱਚ ਸਫ਼ਾਈ ਅਪਨਾਉਣ ਅਤੇ ਆਪਣੇ ਆਲੇ-ਦੁਆਲੇ ਨੂੰ ਸਾਫ਼ ਰੱਖਣ ਦੀ ਸਹੁੰ ਚੁਕਾਈ ,ਬੱਚਿਆਂ ਨੂੰ ਖਾਣਾ ਖਾਣ ਤੋਂ ਪਹਿਲਾਂ ਅਤੇ ਬਾਅਦ ਵਿੱਚ ਸਹੀ

ਤਰੀਕੇ ਨਾਲ ਹੱਥ ਧੋਣ ਦੇ ਮਹੱਤਵ ਅਤੇ ਪ੍ਰਕਿਰਿਆ ਬਾਰੇ ਪ੍ਰੈਕਟੀਕਲ ਤਰੀਕੇ ਨਾਲ ਦੱਸਿਆ ,ਨਿੱਜੀ ਸਵੱਛਤਾ, ਸਕੂਲ ਅਤੇ ਕਲਾਸਰੂਮ ਦੀ ਸਫ਼ਾਈ, ਸਵੱਛਤਾ 'ਤੇ ਭਾਸ਼ਣ,ਚਿੱਤਰਕਲਾ ਮੁਕਾਬਲੇ ਵੀ ਕਰਵਾਏ ਜਾ ਰਹੇ ਹਨ।

ਇਸ ਮੌਕੇ ਨਿਰਭੈ ਸਿੰਘ ਜ਼ਿਲ੍ਹਾ ਸਮਾਰਟ ਸਕੂਲ ਕੋਆਰਡੀਨੇਟਰ ਅਤੇ ਗੁਰਪ੍ਰੀਤ ਸਿੰਘ ਬਰਾੜ ਜ਼ਿਲ੍ਹਾ ਖੇਡ ਇੰਚਾਰਜ ਨੇ ਕਿਹਾ ਕਿ ਪਖਵਾੜੇ ਦਾ ਮੁੱਖ ਮੰਤਵ ਸਿਰਫ਼ ਸਫ਼ਾਈ ਕਰਵਾਉਣਾ ਨਹੀਂ, ਬਲਕਿ ਬੱਚਿਆਂ ਨੂੰ ਇਹ ਸਿੱਖਿਆ ਦੇਣਾ ਹੈ ਕਿ ਸਵੱਛਤਾ ਇੱਕ ਆਦਤ ਹੈ, ਜਿਸ ਨੂੰ ਲੰਬੇ ਸਮੇਂ ਤੱਕ ਬਣਾਈ ਰੱਖਣ ਦੀ ਲੋੜ ਹੈ।

ਮੈਡੀਕਲ ਪ੍ਰੈਕਟੀਸ਼ਨਰ ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ਤੇ ਜਾਗਰੂਕਤਾ ਰੈਲੀ ਖਟਕੜ ਕਲਾਂ ਨੂੰ ਹੋਈ ਰਵਾਨਾ

ਬਲਾਚੌਰ, (ਜਤਿੰਦਰ ਪਾਲ ਸਿੰਘ ਕਲੇਰ)– ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਰਜਿ 295 ਬਲਾਕ ਬਲਾਚੌਰ ਵਲੋਂ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਜਨਮ ਦਿਹਾੜੇ ਨੂੰ ਸਮਰਪਿਤ ਇਕ ਜਾਗਰੂਕਤਾ ਰੈਲੀ ਗੁਰਦੁਆਰਾ ਸਿੰਘ ਸਭਾ ਮਹਿੰਦੀਪੁਰ ਤੋਂ ਸ਼ਹੀਦ ਦੇ ਜੱਦੀ ਪਿੰਡ ਖਟਕੜ ਕਲਾਂ ਨੂੰ ਬਲਾਕ ਪ੍ਰਧਾਨ ਤਜਿੰਦਰ ਜੋਤ ਦੀ ਅਗਵਾਈ ਵਿਚ ਰਵਾਨਾ ਹੋਈ। ਜਾਗਰੂਕਤਾ ਰੈਲੀ ਵਿਚ ਵੱਡੀ ਗਿਣਤੀ ਬਲਾਕ ਬਲਾਚੌਰ ਦੇ ਮੈਡੀਕਲ ਪ੍ਰੈਕਟੀਸ਼ਨਰਾਂ ਨੇ ਭਾਗ ਲਿਆ। ਡਾ ਜੋਤ ਨੇ ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ਮੌਕੇ ਤੇ ਜੋਸ਼ ਤੇ ਜਜ਼ਬੇ ਨਾਲ ਨਾਰੇਬਾਜ਼ੀ ਕੀਤੀ। "ਸ਼ਹੀਦੋ ਤੁਹਾਡੀ ਸੋਚ ਤੇ ਪਹਿਰਾ ਦਿਆਂਗੇ' ਤੇ "ਠੋਕ ਕੇ ਸ਼ਹੀਦਾਂ ਨੂੰ ਲਾਲ ਸਲਾਮ, ਲਾਲ ਸਲਾਮ"

ਦੇ ਗੂੰਜਦੇ ਨਾਰਿਆਂ ਨਾਲ ਮਾਹੌਲ ਗੂੰਜ ਉਠਿਆ।

ਉਨ੍ਹਾਂ ਨੌਜਵਾਨਾ ਨੂੰ ਵੱਧ ਤੋਂ ਵੱਧ ਗਿਣਤੀ ਵਿਚ ਸ਼ਹੀਦਾਂ ਦੀ ਸਮਾਰਕ ਨੂੰ ਸਿਜਦਾ ਕਰਨ ਲਈ ਪੁੱਜਣ ਦਾ ਸੁਨੇਹਾ ਦਿੱਤਾ। ਇਸ ਮੌਕੇ ਪੰਜਾਬ ਦੇ ਉਪ ਪ੍ਰਧਾਨ ਡਾ ਦਿਲਦਾਰ ਸਿੰਘ ਚਾਹਲ ਵੀ ਉਚੇਚੇ ਤੌਰ ਤੇ ਪਹੁੰਚੇ, ਚਾਹਲ ਨੇ ਸ਼ਹੀਦ ਦੇ ਜੀਵਨ ਬਾਰੇ ਦੱਸਿਆ ਕਿ ਸਰਦਾਰ ਸ਼ਹੀਦ ਭਗਤ ਸਿੰਘ ਜਨਮ ਤੋਂ ਹੀ ਕ੍ਰਾਂਤੀਕਾਰੀ ਸਨ। ਉਹਨਾਂ ਦੇ ਪਰਿਵਾਰ ਵਿੱਚ ਦੇਸ਼-ਭਗਤੀ ਅਤੇ ਕੁਰਬਾਨੀ ਦੀ ਰੂਹ ਪਹਿਲਾਂ ਤੋਂ ਵਸਦੀ ਸੀ। ਭਗਤ ਸਿੰਘ ਨੇ ਬਚਪਨ ਤੋਂ ਹੀ ਗੁਲਾਮੀ ਦੇ ਖ਼ਿਲਾਫ਼ ਲੜਨ ਦਾ ਜਜ਼ਬਾ ਆਪਣੇ ਅੰਦਰ ਸੰਭਾਲ ਲਿਆ ਸੀ। ਛੋਟੀ ਉਮਰ ਵਿੱਚ ਹੀ ਉਹਨਾਂ ਨੇ ਅੰਗਰੇਜ਼ਾਂ ਦੇ ਅਤਿਆਚਾਰ ਦੇਖੇ ਅਤੇ ਮਨ ਵਿੱਚ ਆਜ਼ਾਦੀ ਦੀ ਚਿੰਗਾਰੀ ਹੋਰ ਭੜਕਦੀ ਗਈ। ਇਤਿਹਾਸਕਾਰ ਦੱਸਦੇ ਹਨ ਕਿ ਸਕੂਲੀ ਦੌਰਾਨ ਹੀ ਭਗਤ ਸਿੰਘ ਨੇ "ਬ੍ਰਿਟਿਸ਼ ਹਕੂਮਤ ਨੂੰ ਭਾਰਤ ਤੋਂ ਖ਼ਤਮ ਕਰਨ" ਦਾ ਇਰਾਦਾ ਕਰ ਲਿਆ ਸੀ। ਉਹ ਆਪਣੇ ਸਾਥੀਆਂ ਨੂੰ ਵੀ ਆਜ਼ਾਦੀ ਲਈ ਕੁਰਬਾਨੀ ਦੇ ਰਸਤੇ 'ਤੇ ਚਲਣ ਲਈ ਪ੍ਰੇਰਿਤ ਕਰਦੇ ਰਹੇ।

ਭਗਤ ਸਿੰਘ ਦੀ ਜ਼ਿੰਦਗੀ ਦਰਸਾਉਂਦੀ ਹੈ ਕਿ ਉਹ ਸਿਰਫ਼ ਇੱਕ ਯੋਧਾ ਨਹੀਂ ਸਗੋਂ ਇਕ ਸੋਚ, ਇਕ ਜਜ਼ਬਾ ਅਤੇ ਇਕ ਅੰਦੋਲਨ ਸਨ। ਉਹਨਾਂ ਦਾ ਨਾਮ ਅੱਜ ਵੀ ਹਰ ਭਾਰਤੀ ਦੇ ਦਿਲ ਵਿੱਚ ਬੇਮਿਸਾਲ ਕ੍ਰਾਂਤੀਕਾਰੀ ਦੇ ਤੌਰ 'ਤੇ ਜੀਉਂਦਾ ਹੈ ਮੌਕੇ ਤੇ ਸ਼ਾਮਿਲ ਹੋਏ ਡਾ ਪਿੰਕਾ ਉਪ ਪ੍ਰਧਾਨ ਰਾਟਰ ਗਿਆਨ ਸਿੰਘ ਜਨਰਲ ਸਕੱਤਰ ਹਰਜਿੰਦਰ ਸਿੰਘ ਕੈਸ਼ੀਅਰ ਡਾ ਅੰਗਰੇਜ਼ ਡਾ ਅਮਰੀਕ ਡਾ ਸ਼ਾਬਾਸ਼ ਡਾ ਹਰਭਜਨ ਡਾਕਟਰ ਪਵਨ ਡਾ ਜਸਵੀਰ ਸਿੰਘ ਡਾ ਪਰਮਜੀਤ ਸਿੰਘ ਡਾ ਦਵਿੰਦਰ ਡਾ ਸਾਹਿਲ ਸ਼ਾਮਿਲ ਹੋਏ।

ਦਿ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ ਪੰਜਾਬ ਨੇ ਮੁੱਖ ਮੰਤਰੀ ਨੂੰ ਭੇਜਿਆ ਅਪੀਲ-ਕਮ-ਪ੍ਰਸਤਾਵ ਪੱਤਰ

• ਪ੍ਰਵਾਸੀਆਂ ਵੱਲੋਂ ਵੱਧ ਰਹੀ ਅਪਰਾਧਿਕ ਬਿਰਤੀ ਨੂੰ ਨੱਥ ਪਾਉਣ ਦੀ ਕੀਤੀ ਮੰਗ • ਪ੍ਰਵਾਸੀਆਂ ਵੱਲੋਂ ਜ਼ਮੀਨ ਖਰੀਦਣ 'ਤੇ ਪਾਬੰਦੀ ਸਮੇਤ ਪ੍ਰਸਤਾਵ ਪੱਤਰ ਵਿੱਚ ਦਰਜ ਕੀਤੀਆਂ 8 ਮੰਗਾਂ

ਹੁਸ਼ਿਆਰਪੁਰ (ਤਰਸੇਮ ਦੀਵਾਨਾ) – ਦੀ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ ਪੰਜਾਬ ਆਫ ਇੰਡੀਆ ਰਜਿ. ਦੇ ਵਫਦ ਵੱਲੋਂ ਸੂਬਾ ਪ੍ਰਧਾਨ ਬਲਵੀਰ ਸਿੰਘ ਸੈਣੀ ਦੀ ਅਗਵਾਈ ਹੇਠ ਵੱਲੋਂ ਪਿਛਲੇ ਕੁੱਝ ਸਮੇਂ ਤੋਂ ਨਾ ਸਿਰਫ ਜ਼ਿਲ੍ਹਾ ਹੁਸ਼ਿਆਰਪੁਰ ਸਗੋਂ ਸਮੁੱਚੇ ਪੰਜਾਬ ਭਰ ਵਿੱਚ ਅਪਰਾਧਕ ਘਟਨਾਵਾਂ ਵਿਚ ਹੋ ਰਹੇ ਬੇਤਹਾਸ਼ਾ ਵਾਧੇ ਨੂੰ ਵੇਖਦਿਆਂ ਅਮਨ ਕਾਨੂੰਨ ਨੂੰ ਬਰਕਰਾਰ ਰੱਖਣ ਦੇ ਮੱਦੇਨਜ਼ਰ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਨੂੰ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਰਾਹੀਂ ਅਪੀਲ ਕਮ ਪ੍ਰਸਤਾਵ ਪੱਤਰ ਦਿੱਤਾ ਗਿਆ । ਸਹਾਇਕ ਕਮਿਸ਼ਨਰ ਓਇਸ਼ੀ ਮੰਡਲ ਨੂੰ ਦਿੱਤੇ ਗਏ ਇਸ ਮੈਮੋਰੰਡਮ ਵਿੱਚ ਦੱਸਿਆ ਗਿਆ ਕਿ ਬਹੁਤ ਵੱਡੀ ਗਿਣਤੀ ਵਿੱਚ ਲੋਕ ਵੱਖ ਵੱਖ ਰਾਜਾਂ ਤੋਂ ਆਕੇ ਜ਼ਿਲੇ ਵਿੱਚ ਕਿਰਾਏ 'ਤੇ ਮਕਾਨ ਲੈ ਕੇ ਰਹਿ ਰਹੇ ਹਨ । ਇਸ ਤੋਂ ਇਲਾਵਾ ਵੀ ਬਹੁਤ ਸਾਰੇ ਲੋਕ ਝੁੱਗੀਆਂ ਝੋਂਪੜੀਆਂ ਵਿੱਚ ਨਜਾਇਜ਼ ਢੰਗ ਨਾਲ ਰਹਿ ਰਹੇ ਹਨ ਜਿਨਾਂ ਦਾ ਕੋਈ ਅਤਾ ਪਤਾ ਨਹੀਂ ਹੈ। ਇਹਨਾਂ ਵਿੱਚੋਂ ਬਹੁਤ ਗਿਣਤੀ ਲੋਕਾਂ ਦੀ ਅਪਰਾਧਿਕ ਬਿਰਤੀ ਵਾਲੇ ਹੋਣ ਦੀ ਪੂਰੀ ਸੰਭਾਵਨਾ ਨੂੰ ਵੇਖਦੇ ਹੋਏ ਅਸੀਂ ਦਿ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ ਪੰਜਾਬ ਇੰਡੀਆ ਵੱਲੋਂ ਸ਼ਾਂਤੀ ਪਸੰਦ ਨਾਗਰਿਕਾਂ ਦੀ ਸੁਰੱਖਿਆ ਅਤੇ ਕਾਨੂੰਨ ਵਿਵਸਥਾ ਬਣਾਈ ਰੱਖਣ ਲਈ ਅਸੀਂ ਹੇਠ ਲਿਖੀ ਅਪੀਲ ਕਰਦੇ ਹੋਏ ਆਪ ਜੀ ਦੇ ਸਨਮੁੱਖ ਨਾਗਰਿਕਾਂ ਦੀ ਹਿੱਤਾਂ ਲਈ ਮੰਗ ਕਰਦੇ ਹਾਂ ਕਿ ਹਰ ਪ੍ਰਵਾਸੀ ਦੀ ਪੁਲਿਸ ਤਸਦੀਕ ਲਾਜ਼ਮੀ ਹੋਵੇ ਇਸ ਤਹਿਤ ਹਰ ਮਕਾਨ ਮਾਲਕ ਲਈ ਆਪਣੇ ਘਰ ਨੂੰ ਕਿਸੇ ਵੀ ਪ੍ਰਵਾਸੀ ਨੂੰ ਕਿਰਾਏ 'ਤੇ ਦੇਣ ਤੋਂ ਪਹਿਲਾਂ ਪ੍ਰਵਾਸੀ ਕਿਰਾਏਦਾਰ ਦੀ ਪੁਲਿਸ ਤਸਦੀਕ ਅਤੇ ਪਿੱਤਰੀ ਸੂਬੇ ਤੋਂ ਪੁਲਿਸ ਕਲੀਅਰੈਂਸ ਸਰਟੀਫਿਕੇਟ ਲੈਣਾ ਯਕੀਨੀ ਬਣਾਇਆ ਜਾਵੇ ਅਤੇ ਅਜਿਹਾ ਨਾ ਕਰਨ ਵਾਲੇ ਮਕਾਨ ਮਾਲਕ ਖਿਲਾਫ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ ਲਿਖਤੀ ਕਿਰਾਏਨਾਮਾ ਬਣਾਉਣ ਅਤੇ ਪਛਾਣ ਪੱਤਰ ਵੱਜੋਂ ਮਕਾਨ

ਮਾਲਕ ਲਈ ਕਿਰਾਏਦਾਰ ਦਾ ਅਧਾਰ ਕਾਰਡ/ਵੋਟਰ ਕਾਰਡ/ਡਰਾਇਵਿੰਗ ਲਾਈਸੈਂਸ/ਪਾਸਪੋਰਟ ਦੀ ਕਾਪੀ ਆਪਣੇ ਰਿਕਾਰਡ ਵਿਚ ਰੱਖਣ ਦੀ ਹਿਦਾਇਤ ਕੀਤੀ ਜਾਵੇ ਅਤੇ ਇਨ੍ਹਾਂ ਦਸਤਾਵੇਜਾਂ ਦੀ ਨਕਲ (ਪੁਲਿਸ ਤਸਦੀਕ ਰਿਪੋਰਟ, ਕਿਰਾਏਨਾਮਾ ਅਤੇ ਪਛਾਣ ਪੱਤਰ) 15 ਦਿਨ੍ਹਾਂ ਦੇ ਅੰਦਰ ਸਰਪੰਚ/ ਕੌਂਸਲਰ/ਐੱਮਸੀ ਅਤੇ ਥਾਣੇ ਵਿਚ ਜਮ੍ਹਾ ਕਰਵਾਈ ਜਾਵੇ ਤਾਂ ਜੋ ਇਲਾਕੇ ਦਾ ਸਹੀ ਰਿਕਾਰਡ ਤਿਆਰ ਹੋ ਸਕੇ। ਇਸ ਤੋਂ ਇਲਾਵਾ ਹੋਰਨਾਂ ਰਾਜਾਂ ਤੋਂ ਆਏ ਪ੍ਰਵਾਸੀਆਂ ਦੀਆਂ ਬਣੀਆਂ ਹੋਈਆਂ ਵੋਟਾਂ,ਅਧਾਰ ਕਾਰਡਾਂ ਤੇ ਹੋਰ ਪਛਾਣ ਪੱਤਰਾਂ ਦੀ ਜਾਂਚ ਕੀਤੀ ਜਾਵੇ ਅਤੇ ਨਜਾਇਜ਼ ਢੰਗ ਨਾਲ ਬਣੀਆਂ ਵੋਟਾਂ, ਆਧਾਰ ਕਾਰਡ ਅਤੇ ਹੋਰ ਪਛਾਣ ਪੱਤਰਾਂ ਨੂੰ ਰੱਦ ਕੀਤਾ ਜਾਵੇ, ਜੁਗਾੜੂ ਮੋਟਰ ਸਾਈਕਲ ਰੇਹੜੀਆਂ 'ਤੇ ਪਾਬੰਦੀ ਲਾਉਣ ਤਹਿਤ ਪ੍ਰਸਤਾਵ ਦਿੱਤਾ ਗਿਆ ਕਿ ਪ੍ਰਵਾਸੀਆਂ ਵੱਲੋਂ ਪੁਰਾਣੇ ਮੋਟਰਸਾਈਕਲ ਅਤੇ ਸਕੂਟਰੀਆਂ (ਜ਼ਿਆਦਾਤਰ ਚੋਰੀ ਵਾਲੇ) ਨੂੰ ਮੋਡਿਫਾਈ ਕਰਕੇ ਜਗਾੜੂ ਰੇਹੜੀਆਂ ਤਿਆਰ ਕਰਵਾਈਆਂ ਜਾਂਦੀਆਂ ਹਨ ਜਿਨ੍ਹਾਂ ਤੋਂ ਸਵਾਰੀ ਤੇ ਸਮਾਨ ਢੋਹਣ ਦਾ ਕੰਮ ਲਿਆ ਜਾਂਦਾ ਹੈ ਜੋ ਪੂਰੀ ਤਰ੍ਹਾਂ ਗੈਰਕਾਨੂੰਨੀ ਹੈ ਇਸ ਲਈ ਅਜਿਹੀ ਗੈਰਕਾਨੂੰਨੀ ਜੁਗਾੜੂ ਰੇਹੜੀਆਂ ਤੇ ਪਾਬੰਦੀ ਲਾਈ ਜਾਵੇ ਅਤੇ ਅਜਿਹੀ ਰੇਹੜੀ ਬਣਾਉਣ ਅਤੇ ਚਲਾਉਣ ਵਾਲਿਆਂ ਖਿਲਾਫ਼ ਸਖ਼ਤ ਧਾਰਾਵਾਂ ਅਧੀਨ ਕਰਵਾਈ ਕੀਤੀ ਜਾਵੇ, ਸਭ ਤੋਂ ਅਹਿਮ ਮੰਗ ਵਿੱਚ ਗੈਰ ਪੰਜਾਬੀਆਂ ਵੱਲੋਂ ਪੰਜਾਬ ਵਿੱਚ ਜ਼ਮੀਨ ਖਰੀਦਣ 'ਤੇ ਪਾਬੰਦੀ ਲਾਉਣ ਦੀ ਰੱਖੀ ਗਈ ਮੰਗ ਤਹਿਤ ਪੰਜਾਬ ਵਿੱਚ ਗੈਰ ਪੰਜਾਬੀ ਪ੍ਰਵਾਸੀ ਲੋਕਾਂ ਵੱਲੋਂ ਜਮੀਨਾਂ ਖਰੀਦਣ ਤੇ ਪਾਬੰਦੀ ਲਾਈ ਜਾਵੇ ਅਤੇ ਇਸ ਸਬੰਧੀ ਹਿਮਾਚਲ ਪ੍ਰਦੇਸ਼, ਜੰਮੂ ਕਸ਼ਮੀਰ, ਮਨੀਪੁਰ, ਮਿਜ਼ੋਰਮ ਆਦਿ ਸੂਬਿਆਂ ਦੀ ਤਰਜ਼ 'ਤੇ ਕਾਨੂੰਨ ਬਣਾਏ ਜਾਣ । ਸਾਲ 2025 ਤੋਂ ਪਹਿਲਾਂ ਜਮੀਨ ਖਰੀਦ ਚੁੱਕੇ ਪ੍ਰਵਾਸੀਆਂ ਦੇ ਮਾਲਕਾਨਾ ਹੱਕ ਰੱਦ ਕੀਤੇ ਜਾਣ, ਇਹ ਵੀ ਮੰਗ ਕੀਤੀ ਗਈ ਕਿ ਇਨ੍ਹਾਂ ਨਿਯਮਾਂ ਦੀ ਉਲੰਘਣਾ ਕਰਨ ਦੀ ਸੂਰਤ ਵਿਚ ਸਖ਼ਤ ਕਾਰਵਾਈ ਕੀਤੀ ਜਾਵੇ ਅਤੇ ਜੇਕਰ ਕਈ ਮਕਾਨ ਮਾਲਕ ਇਹਨਾਂ ਨਿਯਮਾਂ ਦੀ ਪਾਲਣਾ ਨਹੀਂ ਕਰਦਾ ਜਾਂ ਜਿਸ ਮਕਾਨ ਵਿਚ ਰਹਿੰਦਾ ਪ੍ਰਵਾਸੀ ਕੋਈ ਗੈਰ ਕਾਨੂੰਨੀ ਕੰਮ ਜਾਂ ਵਾਰਦਾਤ ਕਰਦਾ ਹੈ ਤਾਂ ਪ੍ਰਵਾਸੀ ਦੇ ਨਾਲ ਨਾਲ ਮਕਾਨ/ਕਾਰੋਬਾਰ ਮਾਲਕ ਨੂੰ ਵੀ ਬਰਾਬਰ ਦਾ ਗੁਨਾਹਗਾਰ ਮੰਨ ਕੇ ਉਹਨਾਂ ਖਿਲਾਫ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ । ਦਿ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ ਪੰਜਾਬ ਆਫ਼ ਇੰਡੀਆ ਵੱਲੋਂ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਨੂੰ ਅਪੀਲ ਕੀਤੀ ਕਿ ਉਪਰੋਕਤ ਮੰਗਾਂ ਨੂੰ ਪ੍ਰਵਾਨ ਕਰਕੇ ਲਾਗੂ ਕੀਤਾ ਜਾਵੇ ਤਾਂ ਜੋ ਪੰਜਾਬ ਨੂੰ ਸੁਰੱਖਿਅਤ, ਸ਼ਾਂਤੀ ਭਰਪੂਰ ਅਤੇ ਅਪਰਾਧ ਰਹਿਤ ਬਣਾਇਆ ਜਾ ਸਕੇ ਤੇ ਬੱਚਿਆਂ ਅਤੇ ਔਰਤਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾ ਸਕੇ । ਇਸ ਮੌਕੇ ਤਰਸੇਮ ਦੀਵਾਨਾ ਜੁਆਇੰਟ ਸਕੱਤਰ ਇੰਡੀਆ, ਗੁਰਬਿੰਦਰ ਸਿੰਘ ਪਲਾਹਾ ਵਾਈਸ ਚੇਅਰਮੈਨ ਪੰਜਾਬ, ਅਸ਼ਵਨੀ ਸ਼ਰਮਾ ਸੀਨੀਅਰ ਮੀਤ ਪ੍ਰਧਾਨ, ਕੁਲਦੀਪ ਸੈਣੀ, ਗੌਰਵ ਭਾਰਦਵਾਜ ਆਦਿ ਪੱਤਰਕਾਰ ਸਾਥੀ ਹਾਜ਼ਿਰ ਸਨ । **ਫੋਟੋ ਅਜਮੇਰ ਦੀਵਾਨਾ**

ਹੋਮਿਓਪੈਥਿਕ ਹੈਲਥ ਕਲੀਨਿਕ (ਡਰਬੀ) ਰਜਿ:
HOMOEOPATHIC HEALTH CLINIC (DERBY) REGD.

MANJEET SINGH KHANBA
Award Winner 1999, 2001 & 2005 (2 Awards) BSYA

ਰੋਜ਼ ਕਿਸੇ ਵੀ ਤਰ੍ਹਾਂ ਦਾ ਹੋਵੇ ਜਾਂ ਹੋਵੇ ਰੋਜ਼ ਦੀ ਸੁਰੂਆਤ, ਸਹੀ ਦਵਾਈ ਅਤੇ ਸਹੀ ਇਲਾਜ ਨਾ ਮਿਲਣ ਤੇ ਬੀਮਾਰੀ ਵੱਧ ਜਾਂਦੀ ਹੈ, ਇੰਝ ਨਾ ਕਰੋ ਆਪਣੀ ਮਾਨਸਿਕ ਜਾਂ ਸ਼ਰੀਰਕ ਪ੍ਰੇਸ਼ਾਨੀ ਬਾਰਤ ਸਾਨੂੰ ਫੋਨ ਕਰੋ, ਅਸੀਂ ਮੁਫ਼ਤ ਸਲਾਹ ਮਸ਼ਵਰਾ (FREE CONSULTATION) ਦਿੰਦੇ ਹਾਂ ਅਤੇ ਸਾਰੀਆਂ ਬਿਮਾਰੀਆਂ ਦਾ ਇਲਾਜ ਕਰਦੇ ਹਾਂ, ਜਿਵੇਂ :

GENERAL DISEASES: ਸ਼ੱਕਰ ਰੋਗ (Diabetes), ਦਮੇ ਦੀ ਬੀਮਾਰੀ (Asthma), ਜੋੜਾਂ ਦੀ ਸੋਜ (Arthritis), ਵਾਤ ਰੋਗ (Rheumatism), ਜੋੜਾਂ, ਮਾਸਪੇਸ਼ੀਆਂ, ਗੋਡਿਆਂ-ਮੋਢਿਆਂ, ਪਿੱਠ ਅਤੇ ਗੀਹ ਦੇ ਦਰਦ (Sciatica), ਬਦਹਜ਼ਮੀ (Indigestion), ਮੇਹਦਾ ਕਮਜ਼ੋਰ, ਖੱਟੇ ਡਕਾਰ, ਦਿਲ ਵਿੱਚ ਜਲਨ (Heart Burning) ਅਤੇ ਦਰਦ, ਕਬਜ਼ੀ (Constipation), ਬਵਾਸੀਰ (Piles) ਖੂਨੀ ਜਾਂ ਬਾਦੀ, ਮੁਹਾਸੇ (Haemorrhoids), ਅਫਾਰਾ (Flatulence), ਪੀਲੀਆ ਰੋਗ (Jaundice), ਜਿਗਰ ਦਾ ਸੁੱਜ ਜਾਣਾ (Hepatitis), ਹਰਨੀਆਂ (Hernia), ਬਲੱਡ ਪ੍ਰੈਸ਼ਰ (Blood Presure High or Low), ਕਲਸੇਜ, ਅੱਗਾ ਵਿੱਚ ਪਾਣੀ ਭਰਨਾ, ਚੁੱਕ ਪੈਣੀ, ਮੁਟਾਪਾ (Obesity), ਅੱਧੇ ਜਾਂ ਪੂਰੇ ਸਿਰ ਦਾ ਦਰਦ (Migraine), ਵਾਲਾਂ ਦਾ ਟੁੱਟਣਾ (Hair Falling) ਜਾਂ ਸਮੇਂ ਤੋਂ ਪਹਿਲੇ ਸਫੇਦ ਹੋ ਜਾਣਾ, ਗੰਜ, ਚਿਹਰੇ ਤੇ ਛੋਲਾਪਣ (Alopecia), ਚੇਹਰੇ ਦੇ ਮੁਹਾਸੇ (Acne), ਝਿਲਮੀ, ਛਿਹਰੀ (Pigmentation), ਚੁਗਲੀਆਂ ਅਤੇ ਸ਼ਾਦੀਆ, ਦੰਦਾਂ ਦਾ ਦਰਦ, ਮਸੂੜਿਆਂ ਵਿੱਚੋਂ ਖੂਨ ਅਤੇ ਪੀਸ ਨਿਕਲੇ (Bleeding Gums & Pyorrhoea), ਕੰਨਾਂ ਵਿੱਚੋਂ ਪੀਪ ਦਾ ਆਉਣਾ ਜਾਂ ਪਰਦੇ ਵਿੱਚ ਮੋਰੀ, ਕੰਨਾਂ ਵਿੱਚ ਆਵਾਜਾਂ ਸੁਣਨੀਆਂ (Tinnitis) ਜਾਂ ਬੋਲਾਪਣ, ਖੂਨ ਦੀ ਬੀਮਾਰੀਆਂ, ਮਲਾਜ਼ੇ ਦੀ ਸੋਜ, ਪਿਸ਼ਾਬ ਦੀ ਰੁਕਾਵਟ ਅਤੇ ਜਲਨ, ਪਿਸ਼ਾਬ ਵਿੱਚ ਖੂਨ ਆਉਣਾ, ਰੁਕਵੇ ਵਿੱਚ ਪੱਥਰੀ, ਚੱਕਰ (Vertigo), ਖਰਾਬ-ਨੀਂਦ, ਖਬਤਰੀਕਤਾ (Anaemia), ਛਾਤ ਘੱਟਣਾ, ਨਾੜਾਂ ਵਿੱਚ ਦਰਦ (Neuralgia), ਮਾਨਸਿਕ ਨਿਢਾਲਤਾ ਅਤੇ ਬੇਚੈਨੀ (Depression).

{ ਖੁਜਲੀ Eczema ਜਾਂ ਸੋਰਾਈਸਿਜ Psoriasis, ਮਿਰਗੀ ਦੇ ਦੌਰੇ Epileptic Fits, ਨਿਰਉਤਸ਼ਾਹ, Depression, ਵਰਗੀਆਂ ਦੁੱਖਦਾਈ ਬੀਮਾਰੀਆਂ ਨੂੰ ਅਸੀਂ ਜੜ੍ਹੋਂ ਖਤਮ ਕਰਦੇ ਹਾਂ }

EYE DROPS: ਅੱਖਾਂ ਦੀਆਂ ਸਭ ਤਰ੍ਹਾਂ ਦੀਆਂ ਬਿਮਾਰੀਆਂ ਵਿਚ ਹਰ ਕਿਸੇ ਲਈ ਮਦਦਗਾਰ (ਇਕ ਅਜ਼ਮਾਓ) £13

TONICS - 1) ਸ਼ਰੀਰਕ ਸ਼ਕਤੀ ANAEMIA, ਖੂਨ ਦੇ ਘੱਟ ਸੰਚਾਰ, ਸ਼ਰਮੀਕਲ ਅਪ੍ਰੇਸ਼ਨ ਜੇ ਪ੍ਰੈਗਨੈਂਸੀ ਤੋਂ ਬਾਅਦ ਆਈ ਕਮਜ਼ੋਰੀ ਨੂੰ ਦੂਰ ਕਰਦਾ ਹੈ (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

2) ਮਾਨਸਿਕ ਸ਼ਕਤੀ ਲਈ (NERVE TONIC)- ਮਾਨਸਿਕ ਤਨਾਅ, ਥਕਾਟ, ਉਦਾਸੀ, ਪ੍ਰੇਸ਼ਾਨੀ, ਡਿਪ੍ਰੈਸ਼ਨ ਤੇ ਹਰ ਬਿਮਾਰੀ ਵਿਚ ਮਦਦ, ਹਰ ਕਿਸੇ ਲਈ (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

ਮਰਦਾਨਾ ਬੀਮਾਰੀਆਂ-ਕਮਜ਼ੋਰੀਆਂ ਅਤੇ ਤਾਕਤ ਲਈ ਨੁਸਖੇ:

1)	ਮਰਦਾਨਾ ਤਾਕਤ ਦਾ ਫੈਲਾਰੀ ਨੁਸਖਾ- -------- 1 ਮਹੀਨੇ ਦੀ ਕੀਮਤ	£35
2)	ਰੁਕਾਵਟ ਦਾ ਖੁਲਿਹਰੀ ਨੁਸਖਾ- -------- 1 ਮਹੀਨੇ ਦੀ ਕੀਮਤ	£35
3)	ਧਾਤ ਲਈ (ਵੀਰਜ ਨੂੰ ਗਾੜਾ ਕਰਕੇ HEALTHY SPERMS) ਪੈਦਾ ਕਰਦਾ ਹੈ-1 ਮਹੀਨੇ ਦੀ ਕੀਮਤ	£40
4)	ਲੰਮੇ ਸਮੇਂ ਤੋਂ ਹੱਥ ਕਾਮੀ ਕਾਰਨ ਪੈਦਾ ਹੋਈ ਨਾਮਰਦੀ- -------- 1 ਮਹੀਨੇ ਦੀ ਕੀਮਤ	£35
5)	ਗਲਤਫਹਮੀਆਂ ਕਾਰਨ ਜਿੰਗ ਕਮਜ਼ੋਰ, ਠੰਢਾ, ਟੇਢਾ ਅਤੇ ਛੋਟਾ- ------- 1 ਮਹੀਨੇ ਦੀ ਕੀਮਤ	£35
6)	ਨਸਿਆਂ ਕਾਰਨ ਸਰੀਰਕ ਕੰਡੀਸ਼ਨ ਦੀ ਕਮਜ਼ੋਰੀ ਅਤੇ ਨਾਮਰਦੀ -------- 1 ਮਹੀਨੇ ਦੀ ਕੀਮਤ	£30
7)	ਸ਼ੁਗਰਪੇਸ਼ ਦੀ ਬਿਮਾਰੀ ਦਾ ਨੁਸਖਾ- -------- 1 ਮਹੀਨੇ ਦੀ ਕੀਮਤ	£25
8)	ਸਰੀਰਕ ਅਤੇ ਮਿੰਜ ਦੀਆਂ ਨਸਾਂ ਦੀ ਕਮਜ਼ੋਰੀ ਲਈ ਜੋਰ- -------- 1 ਮਹੀਨੇ ਦੀ ਕੀਮਤ	£25

ਇਸ ਤੋਂ ਇਲਾਵਾ ਪੁਰਸ਼ਾਂ ਦੇ ਹੋਰ ਗੁਪਤ ਰੋਗ ਜਿਵੇਂ :

ਐਜ਼ੂਸਪਰਮੀਆਂ (AZOOSPERMIA), ਜਦੋਂ ਵੀਰਜ ਵਿਚਲੇ ਸਪਰਮ ਕਮਜ਼ੋਰ, ਬਰਕਰੀਰ ਹੋਣ ਜਾਂ ਸਪਰਮ ਬਿਲਕੁਲ ਹੀ ਨਾ ਹੋਣ, ਅੰਡਕੋਸ਼ ਵਿਚ ਪਾਣੀ ਭਰਨਾ (HYDROCELE), ਸੁਜਾਕ (GONORRHOEA), ਸੁਪਾਰੀ ਦੀ ਸੋਜ, ਵਾਰ-ਵਾਰ ਪੇਸ਼ਾਬ ਆਉਣ ਅਤੇ ਕਰਦੇ ਸਮੇਂ ਜਲਨ, ਪ੍ਰਸਟੇਟ ਗ੍ਰੰਥੀ (PROSTATE GLAND) ਦੀ ਸੋਜ ਕਾਰਨ ਵਡੇਰੀ ਉਮਰ ਵਾਲੇ ਰੋਗੀ ਨੂੰ ਪਿਸ਼ਾਬ ਦੇ ਰੋਗ, ਬਹੁਤ ਮੋਟੇ ਰੋਗੀ ਦੀ ਨਾਮਰਦੀ, ਆਤਸ਼ਕ (SYPHILIS) ਕਾਰਨ ਜਿੰਗ ਉਤੇ ਸਖਤ ਜ਼ਖਮ, SPERMATIC ਗ੍ਰੰਥੀ ਦੀਆਂ ਨਸਾਂ ਦਾ ਫੁਲਣਾ (VARICOCELE), ਅੰਡਕੋਸ਼ਾਂ ਦਾ ਸਨਤਾਨ ਵਰਗੇ ਗੁਪਤ ਬੀਮਾਰੀਆਂ ਦਾ ਇਲਾਜ ਵੀ ਅਸੀਂ ਹਾਸਲੀਅਤ ਕਰਦੇ ਹਾਂ, ਹੋਰ ਜਾਣਕਾਰੀ ਲਈ ਫੋਨ ਕਰੋ ਜੀ।

ਔਰਤਾਂ ਦੀਆਂ ਗੁਪਤ ਬੀਮਾਰੀਆਂ, ਜਿਵੇਂ :

ਮਾਹਵਾਰੀ ਦਾ ਦਰਦ ਜਾਂ ਰੋਜ ਨਾਲ ਆਉਣਾ ਜਾਂ ਬਹੁ ਮਾਤਰਾ ਵਿਚ ਮਾਹਵਾਰੀ, ਜਾਂ ਦਰਦ ਨਾਲ ਆਉਣਾ (Dysmenorrhoea), ਲਿਕੋਰੀਆ ਪਰਦਰ (ਚਰਦੇ ਪਾਣੀ), ਛਾਤੀਆਂ ਦਾ ਸੁੱਜਣਾ ਜਾਂ ਛੋਟੇ ਹੋਣਾ (Atrophy of Mammae) ਜਾਂ ਛਾਤੀਆਂ ਬਹੁਤ ਛਾਤੀਆਂ ਅਤੇ ਮੋਟੀਆਂ, ਛਾਤੀਆਂ ਵਿੱਚ ਸੋਜ (Mastitis), ਛਾਤੀਆਂ ਦਾ ਕੈਂਸਰ, ਛਾਤੀਆਂ ਦੀਆਂ ਡੰਡੀਆਂ ਸੁੰਨ ਜਾ ਡੰਡੀਆਂ ਤੇ ਚੀਰ, ਛਾਤੀਆਂ ਵਿੱਚ ਗੱਠੜੀ, ਦੁਧ ਛੋਣਾ, ਬੱਚੇਦਾਨੀ (Uterus) ਵਿਚੋਂ ਵਾਉ ਦਾ ਸਰਨਾ (Physometra) ਜਾਂ ਬੱਚੇਦਾਨੀ ਖੁਲ੍ਹ ਜਾਣ ਦਾ ਅਹਸਾਸ, ਬੱਚੇਦਾਨੀ ਦਾ ਆਪਣੀ ਥਾਂ ਤੋਂ ਹੱਟਣਾ ਜਾਂ ਬਾਹਰ ਆਉਣਾ, ਬੱਚੇਦਾਨੀ ਵਿੱਚ ਗਲੰਥੀ (Fibroid Uterine), ਅੰਡਾਦਾਨੀ ਦੇ ਰੋਗ (Diseases of Ovaries), ਅੰਡਾਦਾਨੀ ਵਿੱਚ ਡਾਲੇ (Ovarian Cysts), ਯੋਨੀ ਦੀ ਇਕਸਮਰ ਸੁੰਕੜੁਤਾ (Vaginimus), ਯੋਨੀ ਦੀ ਸੋਜ (Vaginitis), ਔਰਤਾਂ ਵਿੱਚ ਕਾਮਵਾਸ਼ਨਾ ਦਾ ਘੱਟ ਹੋਣਾ ਜਾਂ ਨਾ ਹੋਣਾ (Frigidity), ਸੰਭੋਗ ਵੇਲੇ ਜਾਂ ਮਗਰੋਂ ਜਲਨ ਦਾ ਹੋਣਾ, ਜਣਨ ਅੰਗਾ ਦੀ ਖੁਜਲੀ (Pruritis), ਜਣਨ ਅੰਗਾਂ ਵਿੱਚ ਫੁਟਕੇ ਅਤੇ ਫਟਵਰ, ਜਿੰਨ ਭੋਰ ਸਮੇਂ ਸੁਮਾਦ ਨਾ ਆਵੇ, ਬਾਂਝਪਣ (Sterility), ਗਰਭਪਾਤ ਦਾ ਵਾਰ ਵਾਰ ਹੋਣਾ (Miscarriage) ਗਰਭ ਸਮੇਂ ਦੇ ਰੋਗ ਜਾਂ ਜਣੇਪੇ ਮਗਰੋਂ ਦੇ ਰੋਗ (Diseases of Post Partum) ਅਤੇ ਮਾਹਵਾਰੀ ਬੰਦ ਵੇਲੇ ਦੇ ਰੋਗ (Menopause Disorders) - ਹੋਰ ਜਾਣਕਾਰੀ ਲਈ ਫੋਨ ਕਰੋ।

ਨੋਟ: ਜ਼ਰੂਰਤ ਮੁਤਾਬਕ ਔਰਤਾਂ ਦੀ ਚੈਕਿੰਗ ਲਈ ਲੇਡੀ ਕੰਸਲਟੈਂਟ ਦਾ ਪ੍ਰਬੰਧ ਹੈ ।

LADY CONSULTANT & PRACTITIONER IS AVAILABLE. MRS. JASWINDER KAUR KHANBA BSYA. (HOM.), (A.P) AND (NUTRI.)

ਔਰਤਾਂ ਲਈ ਖੁਸ਼ਬਤੀ ਭੋਰਬੇ ਅਤੇ ਨੁਸਖੇ (SCIENTIFICALLY PROVEN 'NATURAL GIFTS')

ਮੁਫ਼ਤਰਾਂ ਪੰਜਿਕਾ ਵਿਚ ਪੂਰੀ INFORMATION, ਲਾਭ ------ (1 ਮਹੀਨੇ ਦੀ ਕੀਮਤ)

ਨੁਸਖਾ ਨੰਬਰ 1 (IN TABLETS) : ਇਹ ਦਵਾਈ ਔਰਤਾਂ ਦੇ ਚਿਹਰੇ ਦੇ ਚਿੱਟੇ ਦਾਗ਼ਾ (PIGMENTATION WHITE SPOTS) ਦਾ ਖੁਸ਼ਬਤੀ ਸਫ਼ਾਇਆ ਕਰਦੀ ਹੈ – ਇਕ ਮਹੀਨੇ ਦੀ ਕੀਮਤ -- **£69**

ਨੁਸਖਾ ਨੰਬਰ 2 (IN CAPSULES OR IN PEARLS) : ਬੱਚਿਆਂ ਦੀ ਪੈਦਾਇਸ਼ ਅਤੇ ਦੁੱਧ ਚੁਆਉਣ ਕਾਰਣ ਔਰਤਾਂ ਦੀਆਂ ਖਿੱਚੀਆਂ ਹੋਈਆਂ ਛਾਤੀਆਂ ਨੂੰ ਸ਼ੇਪ ਕਰਕੇ ਸਹੀ PROPER SHAPE ਦਿੰਦੀ ਹੈ – **£89**

ਨੁਸਖਾ ਨੰਬਰ 3 (IN CAPSULES) : ਇਹ ਦਵਾਈ ਹਰ ਉਮਰ ਵਿਚ ਭਾਰ ਘਟਾਉਂਦੀ ਹੈ (POWERFUL FAT BURNER) ਸਰੀਰ ਵਿਚ ਚੁਸਤੀ ਅਤੇ ਫੁਰਤੀ ਪਾਉਂਦੀ ਹੈ । ---------- **£69**

ਨੁਸਖਾ ਨੰਬਰ 4 (IN CAPSULES) : ਇਹ ਦਵਾਈ ਔਰਤਾਂ ਦੇ ਵਧੇ ਹੋਏ ਲਟਕਦੇ ਢਿੱਡ (FLABBY & OUT OF SHAPE BELLY) ਨੂੰ ਘਟਾ ਕੇ FLAT ਅਤੇ TONED ਕਰਕੇ ਛਾਤੀਆਂ ਦੇ ਉਭਾਰ ਨੂੰ ਉਮਦਾਰ ਕਰਦੀ ਹੈ – **£69**

ਨੁਸਖਾ ਨੰਬਰ 5 (IN CAPSULES) ਔਰਤਾਂ ਵਿਚ ਘਟੀ ਹੋਈ ਕਾਮ-ਵਾਸਨਾ (FEMALE SEX-DRIVE) ਨੂੰ ਵਧਾ ਕੇ ਇਹ ਦਵਾਈ ਮਾਨਸਿਕ ਅਤੇ ਸਰੀਰਕ ਤੰਦਰੁਸਤੀ ਪੈਦਾ ਕਰਦੀ ਹੈ । A REAL MAGIC ਹਰ ਔਰਤ ਲਈ- **£69**

ਨੁਸਖਾ ਨੰਬਰ 6 (GEL IN APPLICATORS): ਯੋਨੀ ਵਿਚੋਂ ਖੁਸ਼ਕੀ ਅਤੇ ਮਸਟ ਕਾਰਣ SEXUAL DISCOMFORT ਨੂੰ ਦੂਰ ਕਰਕੇ ਕਾਮ-ਵਾਸਨਾ 'ਚ ਵਾਧਾ ਕਰਕੇ ਖੁਸ਼ਕਤੀ ਅਤੇ ਚੁਸਤੀ ਪਾਉਂਦੀ ਹੈ VAGINAL LUBRICATION GEL / (MAGIC) ---**£49**

ਨੁਸਖਾ ਨੰਬਰ 7 (IN CAPSULES) : ਮਾਹਵਾਰੀ ਬੰਦ (MENOPAUSE) ਹੋਣ ਬਾਅਦ ਸਰੀਰ ਵਿਚ CALCIUM ਦੀ ਘਾਟ ਕਾਰਣ ਪਾਣੀਦਾਨੀਆਂ ਹੱਡੀਆਂ ਦੀਆਂ ਬਿਮਾਰੀਆਂ (OSTEOPOROSIS) ਤੋਂ ਬਚਾਅ ------ **£59**

ਨੁਸਖਾ ਨੰਬਰ 8 (IN CAPSULES): ਇਹ ਦਵਾਈ ਚਾਲੀਹ ਵਰਸ਼ਾ ਔਰਤਾਂ ਦੀਆਂ ਦਵਾਈਆਂ ਨੂੰ ਸਫਲ ਕਰਦੀ ਹੈ -**£59**

ਨੁਸਖਾ ਨੰਬਰ 9 (IN CAPSULES) ਬਹੁ ਵਧੀ ਉਮਰ ਵਿਚ ਘਟ ਵਧੀ ਹਾਰਮੋਨਸ ਲਈ ਇਹ ਇਕ ਅਜੂਬਾ ਹੈ- **£59**

ਨੁਸਖਾ ਨੰਬਰ 10 (IN CAPSULES) : ਇਹ ਦਵਾਈ ਮਾਨਸਿਕ ਅਤੇ ਸਰੀਰਕ ਥਿਤਰਾਵਾ ਨੂੰ ਦੂਰ ਕਰਕੇ ਚੰਗਵਾੜੀ ਅਤੇ ਸ਼ਾਨਦਾਰ ਨੀਂਦ ਲਿਆਉਂਦੀ ਹੈ GUARANTEED GOOD QUALITY SLEEP ------- **£59**

ਨੁਸਖਾ ਨੰਬਰ 11 (IN TABLETS): ਇਹ ਦਵਾਈ ਗਲਤਫਹਮੀਆਂ, ਮੁਫ਼ਤ ਦੀ ਛਮਕੀ (ANXIETY) ਵਿਚ ਤਸੱਲੀ ਨਾਲ ਲੋਕਾਂ ਦੀ ਪੁਰਾਣੀ ਕਰਕੇ ਕਮਜ਼ੋਰੀ ਨੂੰ ਦੂਰ ਕਰਦੀ ਹੈ ---------- **£49**

ਮਰਦਾਂ ਲਈ ਖੁਸ਼ਬਤੀ ਭੋਰਬੇ ਅਤੇ ਨੁਸਖੇ-ਇਕ ਮਹੀਨੇ ਦੀ ਕੀਮਤ

ਨੁਸਖਾ ਨੰਬਰ 12 (IN TABLETS): ਉਹਨਾ ਖਾਸ ਮੌਕਿਆਂ (SPECIAL OCCASIONS) ਤੇ ਮਜ਼ਾ ਨੂੰ ਆਪਣੀ ਮਰਜ਼ਾਨਗੀ ਦੀ ਛਾਪ ਛੱਡਣ ਵਿਚ ਇਹ ਦਵਾਈ ਮਦਦ ਕਰਦੀ ਹੈ ---- **£89**

ਨੁਸਖਾ ਨੰਬਰ 13 (IN VIALS): ਮਰਦ ਦੀ ਮਰਜ਼ਾਨਗੀ ਨੂੰ ਚੰਗਤ (ਘਟੇ ਹੋਏ) ਮਿਕਦਾਰੀ ਮਰਜ਼ੀ--- **£89**

ਨੁਸਖਾ ਨੰਬਰ 14 (IN TABLETS): ਬਹਾਦਰੀ ਉਮਰ ਵਿਚ ਮਰਦਾਂ ਨੂੰ ਆਉਣ ਵਾਲਿਆਂ ਪਿਤਾਸ਼ ਅਤੇ SEXUAL ਸਮੱਸਿਆਵਾਂ MALE DISORDERS ਨੂੰ ਇਹ ਦਵਾਈ ਹੱਲ ਕਰਦੀ ਹੈ ---- **£69**

ਅਸੀਂ EXTERNAL USE ਲਈ LOTION, OIL OINTMENT, LINIMENT ਅਤੇ CAPSULES ਆਪ ਜੀ ਦੀ ਲੋੜ ਅਨੁਸਾਰ ਬਣਾ ਕੇ ਦਿੰਦੇ ਹਾਂ ਸਾਡੇ ਆਪਣੇ ਖੁਦ SPECIFIC BRANDS ਇਸ ਤਰ੍ਹਾਂ ਹਨ (ਇਹ ਸਾਡੇ ਵਾਲੇ ਫੋਨ ਕਰਦੇ ਹਨ)

PILAES (IN OINTMENT)	ਬਵਾਸੀਰ ਦੀ ਬਿਮਾਰੀ ਵਿਚ ਪਖਾਨੇ ਰਾਸਤਾ ਖੁਲਾ ਵਿਚ ਖੁਜਲੀ ਅਤੇ ਸਫਾਏ ਤੋਂ ਆਰਾਮ	£19
NURALACO (IN OINTMENT OR LOTION)	--- ਨਾੜਾਂ ਦੇ ਦਰਦ ਅਤੇ ਸਿਰ ਤੋਂ ਆਰਾਮ -----	£19
CHILLAGA (IN OINTMENT OR LOTION)	---ਠੰਢ ਕਾਰਣ ਹੋਣ ਹੋਣ ਵਾਲੀ ਚਮੜੀ ਫੁਟਣਾ ਦਾ ਦਰਦ ਤੇ ਸਿਰ ਤੋਂ ਆਰਾਮ	£19
ARNSTRA (IN OINTMENT)	------- ਚਰਬੀ, ਸੋਜ (SPRAINS) ਚੋਟਾਂ ਸੱਟ ਨਾਲ ਹੋਏ ਜਖਮਾਂ ਜਾਂ (BED SORES) ਨੂੰ ਆਰਾਮ	£19
BELINFLA (IN OIL OR OINTMENT)	---ਠੰਡਾ, ਪੱਠਿਆਂ ਅਤੇ ਸੋਜਾਂ ਵਿਚ ਸਿਰ, ਲਾਗਲੇ ਤੇ ਖਿੰਡ ਦਰਦ ਨੂੰ ਆਰਾਮ	£19
BELULCE (IN OIL)	---- ਸੱਟ ਲੱਗਣ ਕਾਰਣ ਹੋਏ ULCERS ਅਤੇ ਜਖਮਾਂ ਨੂੰ ਆਰਾਮ ----------	£19
BRYJOIN (IN OIL)	-ਸੱਟਾ ਦਾ ਦਰਦਰ, ਫਾਲ ਬੈਕ ਨਾਲ ਗਲਤਫਹਮ ਵਿਚ ਅਤੇ ਸੱਟਾਂ 'ਚ ਅਫਰਾਫਾਰ ਨੂੰ ਆਰਾਮ -	£19
CALWOUN (IN OIL OR OINTMENT)	--- ਸੱਟ ਕਾਰਣ ਜਖਮਾਂ ਦੀ ਪੀਕ ਜਾ ਸਹਤ ਜਾਣ ਤੇ ਸਹਤ ਦਰਦਾਂ ਤੋਂ ਆਰਾਮ-	£19
BURCAN (IN LOTION OR OINTMENT)	--ਕਿਸੇ ਵੀ ਤਰ੍ਹਾਂ ਮਸਟ ਦੇ ਦਰਦਾ ਅਤੇ ਛਾਲਿਆਂ ਤੋਂ ਸੁਰੱਖਿਆ ਆਰਾਮ ---	£19
ROUTUM (IN OINTMENT)	-- ਸਰੀਰ ਦੇ ਕਿਸੇ ਵੀ ਹਿੱਸੇ ਵਿਚ ਕਿਸਟੀਆਂ ਦੀ ਸਿਰ ਅਤੇ ਦਰਦਾਂ ਤੋਂ ਆਰਾਮ ----	£19
JOINRHU (IN OIL)	-- ਜੋੜਾਂ ਦੇ ਦਰਦਾ, ਸਿਰ ਸੱਟਾਂ ਦਰਦਾਂ, ਚੰਗ ਪੈਣ ਅਤੇ ਗੋਲਾਕਾਰ ਪੱਠਿਆਂ ਦੀ ਸਿਰ ਤੋਂ ਆਰਾਮ-	£19
ASSSIL (IN LOTION)	-- ਕਿਸਟੀਆਂ ਦਾ ਛੋਟੇ ਪੱਧਰ ਤੇ ਜਖਮ ਬਣ ਜਾਣ ਦੀ ਹਾਲਤ ਵਿਚ ਸੁਰੱਖਿਆ ਆਰਾਮ ----	£19
ITCSUL (IN OIL)	---- ਸਰੀਰ ਉੱਤੇ ਕਿਸੇ ਵੀ ਤਰ੍ਹਾਂ ਦੀ ਖਾਰਸ਼ ਤੋਂ ਆਰਾਮ ----------	£19
WARTHU (IN OIL)	-ਹਰ ਤਰ੍ਹਾਂ ਦੇ ਖੁਸ਼ਕ, ਤਰ, ਸਪੰਜ ਜਾਂ ਗੋਭੀ ਦੇ ਫੁੱਲ ਵਰਗੇ ਮੁਹਾਸੇ (WARTS) ਤੋਂ ਆਰਾਮ ---	£19

* HOMOEOPATHIC HEALTH CLINIC ਦੇ ਨਾ 'ਤੇ ਹੋਰ ਹੋਸਪਾਲ ਆਰਗੇਨਾਇਜ਼ ਵਾਲਾ ਫੀਲਿਆ ਬਚੋ ! (ਹਰ ਆਰਗੇਨਾਇਜ਼ ਲਾਭ £10 ਹਿੰਦਿਕਾ ਤੇ ਹੋਸਪਾਲ ਕਰਦੀ)

ਹਰ ਤਰ੍ਹਾਂ ਦੇ ਲਿਸਿਆਂ ਅਤੇ ਉਹਨਾ ਨਾਲ ਸਰੀਰ 'ਚ ਪਏ ਨੁਕਸਾਂ ਤੋਂ ਮੁਕੰਮਲ ਛੁਟਕਾਰਾ ਪੱਕੇ ਸਮਾਰਥਾਨੀ ਲਈ ਫੋਨ ਕਰੋ

ALL INFORMATION IS KEPT STRICTLY CONFIDENTIAL

PLEASE MAKE AN APPOINTMENT: **MANJEET SINGH KHANBA**
M.A. M.(LIT) BSYA (HOM.) & (A.P.) (ADV. HERBALISM) AND NUTRI.) HOM. CONSULTANT & PRACTITIONER.
236, BLAGREAVES LANE, LITTLEOVER, DERBY. DE23 1PS, U.K.
Tel/FAX: 00 44 (0)+1332-72 72 42 Mobile: 00 44 (0)+7973-85 10 12
www.homoeopathichealthclinicderby.com Email : manjeetkhanba@aol.com

OPEN 7 DAYS
STRICTLY ON APPOINTMENTS

ਕਨੇਡਾ ਐਡਮਿੰਟਨ ਵਿੱਚ ਕਮਲ ਘੁੰਮਣ (ਸ਼ਾਨ ਟਰੱਕਿੰਗ) ਅਤੇ ਕੇਵਲ ਜਲਾਲਦੀਵਾਲ ਹੋਰਾਂ ਵਲੋਂ ਰੱਖੀ ਗਈ ਮਹਿਫ਼ਲ ਲਾਜਵਾਬ ਰਹੀ

ਸਰੀ/ ਵੈਨਕੂਵਰ (ਕੁਲਦੀਪ ਚੁੰਬਰ)-26 ਸਤੰਬਰ ਨੂੰ ਕਮਲ ਘੁੰਮਣ (ਸ਼ਾਨ ਟਰੱਕਿੰਗ) ਕੇਵਲ ਜਲਾਲਦੀਵਾਲ ਅਤੇ ਸਾਥੀਆਂ ਵੱਲੋਂ Royal Palace ਵਿੱਚ ਰੱਖੀ ਗਈ ਪ੍ਰਸਿੱਧ ਗੀਤਕਾਰ ਅਤੇ ਨਾਵਲਕਾਰ ਮੰਗਲ ਹਠੂਰ ਦੀ ਮਹਿਫ਼ਲ ਯਾਦਗਾਰੀ ਹੋ ਨਿੱਬੜੀ । ਰਾਤ ਦੇਰ ਤੱਕ ਚੱਲੀ ਇਸ ਮਹਿਫ਼ਲ ਵਿੱਚ ਕੇਵਲ ਜਲਾਲਦੀਵਾਲ ਨੇ ਵੀ ਆਪਣੇ ਗੀਤਾਂ ਰਾਹੀਂ ਖੂਬ ਰੰਗ ਬੰਨ੍ਹਿਆ । ਸ਼ਾਨ ਟਰੱਕਿੰਗ ਦੇ ਮਾਲਕ ਕਮਲ ਘੁੰਮਣ ਨੇ ਵੀ ਆਪਣੇ ਖੂਬਸੂਰਤ ਵਿਚਾਰ ਸਾਂਝੇ ਕੀਤੇ। ਮੰਗਲ ਹਠੂਰ ਆਪਣੇ ਗੀਤਾਂ ਰਾਹੀਂ ਐਸੀ ਛਹਿਬਰ ਲਾਈ ਕਿ ਸਾਰੇ ਅਸ਼ ਅਸ਼ ਕਰ ਉਠੇ। ਇਸ ਮਹਿਫ਼ਲ ਵਿੱਚ ਮੰਗਲ ਹਠੂਰ ਦੀ 17 ਵੀਂ

ਕਿਤਾਬ "ਅਗਲਾ ਜਨਮ" ਵੀ ਰੂਬਰੂ ਕੀਤੀ ਗਈ। ਇਸ ਮੌਕੇ ਕਮਲ ਘੁੰਮਣ, ਕੇਵਲ ਜਲਾਲਦੀਵਾਲ , ਸੋਨੀ ਅਖਾੜਾ , ਬਿੰਦੂ ਜਲਾਲਾਦੀਵਾਲ, ਰਾਜਾ ਨਾਗਪਾਲ ,ਓਲ ਫਓਲਓਚਏ, ਰਮਨਦੀਪ ਥਿੰਦ, ਕਰਨ ਥਿੰਦ ਅਤੇ ਐਡਮਿੰਟਨ ਦੀਆਂ ਬਹੁਤ ਸਾਰੀਆਂ ਸ਼ਖਸੀਅਤਾਂ ਹਾਜ਼ਰ ਸਨ। ਮਾਲਕ ਮੰਗਲ ਹਠੂਰ ਦੀਆਂ ਮਹਿਫ਼ਲਾਂ ਏਦਾਂ ਹੀ ਯਾਦਗਾਰੀ ਬਣਾਈ ਰੱਖੇ।

ਰਿਆਤ ਇੰਸਟੀਚਿਊਟ ਆਫ਼ ਫਾਰਮੇਸੀ ਅਤੇ ਲੈਮਰਿਨ ਸਕੂਲ ਆਫ਼ ਫਾਰਮਾਸਿਊਟੀਕਲ ਸਾਇੰਸਿਜ਼ ਵਿਖੇ ਵਿਸ਼ਵ ਫਾਰਮਾਸਿਸਟ ਦਿਵਸ ਮਨਾਇਆ ਗਿਆ

ਬਲਾਚੌਰ (ਜਤਿੰਦਰ ਪਾਲ ਸਿੰਘ ਕਲੇਰ) ਲੈਮਰਿਨ ਟੈਕ ਸਕਿੱਲਜ਼ ਯੂਨੀਵਰਸਿਟੀ ਪੰਜਾਬ,ਦੀਆਂ ਪ੍ਰਤਿਸ਼ਠਾਵਾਨ ਸੰਸਥਾਵਾਂ ਰਿਆਤ ਇੰਸਟੀਚਿਊਟ ਆਫ਼ ਫਾਰਮੇਸੀ ਅਤੇ ਲੈਮਰਿਨ ਸਕੂਲ ਆਫ਼ ਫਾਰਮਾਸਿਊਟੀਕਲ ਸਾਇੰਸਿਜ਼ ਰੈਲਮਾਜਰਾ ਨੇ ਵਿਸ਼ਵ ਫਾਰਮਾਸਿਸਟ ਦਿਵਸ ਨੂੰ ਬਹੁਤ ਉਤਸ਼ਾਹ ਅਤੇ ਮਾਣ ਨਾਲ ਮਨਾਇਆ। ਇਸ ਸਾਲ ਦੇ ਥੀਮ: "ਸਿਹਤ ਬਾਰੇ ਸੋਚੋ, ਫਾਰਮਾਸਿਸਟ ਬਾਰੇ ਸੋਚੋ" ਦੇ ਅਨੁਸਾਰ, ਇਸ ਸਮਾਗਮ ਨੇ ਸਿਹਤ ਸੰਭਾਲ ਪ੍ਰਣਾਲੀ ਵਿੱਚ ਫਾਰਮਾਸਿਸਟਾਂ ਦੀ ਮਹੱਤਵਪੂਰਨ ਭੂਮਿਕਾ 'ਤੇ ਜ਼ੋਰ ਦਿੱਤਾ। ਜਸ਼ਨ ਦੇ ਹਿੱਸੇ ਵਜੋਂ, ਵਿਦਿਆਰਥੀਆਂ ਨੇ ਲਾਇਬ੍ਰੇਰੀ ਦੇ ਇੱਕ ਵਿਦਿਅਕ ਦੌਰੇ ਵਿੱਚ ਹਿੱਸਾ ਲਿਆ, ਜਿੱਥੇ ਉਨ੍ਹਾਂ ਨੇ ਮਿਆਰੀ ਹਵਾਲਾ ਕਿਤਾਬਾਂ ਦੀ ਪੜਚੋਲ ਕੀਤੀ ਅਤੇ ਵੱਖ-ਵੱਖ ਫਾਰਮਾਸਿਊਟੀਕਲ ਖੁਰਾਕ ਫਾਰਮਾਂ 'ਤੇ ਇੱਕ ਸੂਝਵਾਨ ਪੇਸ਼ਕਾਰੀ ਵਿੱਚ ਹਿੱਸਾ ਲਿਆ। ਸਿਧਾਂਤਕ ਸਿੱਖਿਆ ਅਤੇ ਅਸਲ-ਸੰਸਾਰ ਐਪਲੀਕੇਸ਼ਨ ਵਿਚਕਾਰ ਪਾੜੇ ਨੂੰ ਪੂਰਾ ਕਰਦੇ ਹੋਏ, ਫਾਰਮਾਸਿਊਟੀਕਲ ਫਾਰਮੂਲੇਸ਼ਨਾਂ ਦੀ ਇੱਕ ਵਿਸ਼ੇਸ਼ ਪ੍ਰਦਰਸ਼ਨੀ ਵੀ ਆਯੋਜਿਤ ਕੀਤੀ ਗਈ।

ਇਸ ਸਮਾਗਮ ਵਿੱਚ ਡਾ. ਐਨ. ਐਸ. ਗਿੱਲ, ਡਾਇਰੈਕਟਰ / ਕਾਰਜਕਾਰੀ ਡੀਨ, ਰਿਆਤ ਇੰਸਟੀਚਿਊਟ ਆਫ਼ ਫਾਰਮੇਸੀ, ਅਤੇ ਡਾ. ਅਮਿਤ ਸ਼ਰਮਾ, ਡਿਪਟੀ ਡੀਨ, ਲੈਮਰਿਨ ਸਕੂਲ ਆਫ਼ ਫਾਰਮਾਸਿਊਟੀਕਲ ਸਾਇੰਸਿਜ਼, ਨੇ ਸਤਿਕਾਰਯੋਗ ਫੈਕਲਟੀ ਮੈਂਬਰਾਂ ਦੇ ਨਾਲ ਸ਼ਿਰਕਤ ਕੀਤੀ। ਉਨ੍ਹਾਂ ਨੇ ਸਾਰੇ ਫਾਰਮੇਸੀ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਫਾਰਮਾਸਿਊਟੀਕਲ ਸਾਇੰਸਜ਼ ਵਿੱਚ ਕਰੀਅਰ ਸਦਾਬਹਾਰ ਅਤੇ

ਬਹੁਤ ਹੀ ਕੀਮਤੀ ਹੈ ਅਤੇ ਪੇਸ਼ੇ ਪ੍ਰਤੀ ਉਨ੍ਹਾਂ ਦੇ ਸਮਰਪਣ ਦੀ ਸ਼ਲਾਘਾ ਕੀਤੀ। ਪ੍ਰੋ. ਨਰਿੰਦਰ ਭੂੰਬਲਾ ਐਡਮਿਸ਼ਨ ਕੋਆਰਡੀਨੇਟਰ ਫਾਰਮੇਸੀ ਨੇ ਸਾਂਝਾ ਕੀਤਾ ਕਿ ਫਾਰਮੇਸੀ ਕੌਂਸਲ ਆਫ਼ ਇੰਡੀਆ, (ਪੀਸੀਆਈ) ਨਵੀਂ ਦਿੱਲੀ ਦੁਆਰਾ ਮਨਜ਼ੂਰਸ਼ੁਦਾ ਦੋਵਾਂ ਫਾਰਮੇਸੀ ਸੰਸਥਾਵਾਂ ਵਿੱਚ ਡੀ ਫਾਰਮਾ, ਬੀ ਫਾਰਮਾ ਅਤੇ ਐਮ ਫਾਰਮਾ ਵਰਗੇ ਵੱਖ-ਵੱਖ ਕੋਰਸਾਂ ਵਿੱਚ ਖਾਲੀ ਹੋਈਆਂ ਸੀਟਾਂ ਲਈ ਦਾਖਲਾ ਖੁੱਲ੍ਹਾ ਹੈ। ਫਾਰਮੇਸੀ ਕੋਰਸਾਂ ਵਿੱਚ ਦਾਖਲਾ ਲੈਣ ਵਾਲੇ ਵਿਦਿਆਰਥੀ ਨਿੱਜੀ ਤੌਰ 'ਤੇ ਯੂਨੀਵਰਸਿਟੀ ਆ ਸਕਦੇ ਹਨ ਜਾਂ ਹੈਲਪਲਾਈਨ ਨੰਬਰ 9888010540 'ਤੇ ਸੰਪਰਕ ਕਰ ਸਕਦੇ ਹਨ। ਲੈਮਰਿਨ ਟੈਕ ਸਕਿੱਲਜ਼ ਯੂਨੀਵਰਸਿਟੀ ਪੰਜਾਬ ਦੇ ਚਾਂਸਲਰ ਸ਼੍ਰੀ ਐਨ.ਐਸ. ਰਿਆਤ ਅਤੇ ਵਾਈਸ ਚਾਂਸਲਰ, ਡਾ. ਏ.ਐਸ. ਚਾਵਲਾ ਨੇ ਵੀ ਵਿਦਿਆਰਥੀਆਂ ਅਤੇ ਫੈਕਲਟੀ ਨੂੰ ਅਜਿਹੇ ਸ਼ਾਨਦਾਰ ਪ੍ਰੋਗਰਾਮ ਦੇ ਆਯੋਜਨ ਲਈ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਦੇ ਪ੍ਰਦਰਸ਼ਨ ਦੀ ਸ਼ਲਾਘਾ ਕੀਤੀ। ਇਸ ਜਸ਼ਨ ਨੇ ਇੱਕ ਜਾਣਕਾਰੀ ਭਰਪੂਰ ਅਤੇ ਪ੍ਰੇਰਨਾਦਾਇਕ ਅਨੁਭਵ ਵਜੋਂ ਕੰਮ ਕੀਤਾ, ਜਿਸ ਨੇ ਵਿਦਿਆਰਥੀਆਂ ਨੂੰ ਜਨਤਕ ਸਿਹਤ ਅਤੇ ਤੰਦਰੁਸਤੀ ਲਈ ਜ਼ਰੂਰੀ ਯੋਗਦਾਨ ਪਾਉਣ ਵਾਲਿਆਂ ਵਜੋਂ ਆਪਣੀਆਂ ਭਵਿੱਖ ਦੀਆਂ ਭੂਮਿਕਾਵਾਂ ਨੂੰ ਅਪਣਾਉਣ ਲਈ ਪ੍ਰੇਰਿਤ ਕੀਤਾ।

ਗੁਰਦੁਆਰਾ ਸਾਹਿਬ ਕੰਗ ਮਾਈ ਵੱਲੋਂ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਇਕ ਲੱਖ ਰੁਪਏ ਦਾ ਯੋਗਦਾਨ

ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ) ਹੜ੍ਹ ਪ੍ਰਭਾਵਿਤ ਪਰਿਵਾਰਾਂ ਦੀ ਮਦਦ ਲਈ ਸਮਾਜ ਸੇਵੀ ਅਤੇ ਧਾਰਮਿਕ ਸੰਸਥਾਵਾਂ ਲਗਾਤਾਰ ਪ੍ਰਸ਼ਾਸਨ ਨੂੰ ਸਹਿਯੋਗ ਰਹੀਆਂ ਹਨ। ਇਸ ਸਬੰਧ ਵਿੱਚ ਅੱਜ ਗੁਰਦੁਆਰਾ ਸਾਹਿਬ ਕੰਗ ਮਾਈ ਦੇ ਮੁੱਖ ਸੇਵਾਦਾਰ ਮਹੰਤ ਵਰਿੰਦਰ ਸਿੰਘ ਸਿੱਧੂ ਅਤੇ ਬਾਬਾ ਮੰਝ ਕਾਰਨਵੈਂਟ ਸੀਨੀਅਰ ਸੈਕੰਡਰੀ ਸਕੂਲ ਕੰਗ ਮਾਈ ਦੀ ਪ੍ਰਿੰਸੀਪਲ ਪਰਮਜੀਤ ਕੌਰ ਨੇ ਸਾਂਝੇ ਤੌਰ 1 ਲੱਖ ਰੁਪਏ ਦਾ ਚੈੱਕ ਐਸ.ਡੀ.ਐਮ ਹੁਸ਼ਿਆਰਪੁਰ ਗੁਰਸਿਮਰਨਜੀਤ ਕੌਰ ਨੂੰ ਸੌਂਪਿਆ। ਇਸ ਮੌਕੇ ਐਸ.ਡੀ.ਐਮ ਗੁਰਸਿਮਰਨਜੀਤ ਕੌਰ ਨੇ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਹੜ੍ਹ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਸਮਾਜ ਦੇ ਹਰ ਵਰਗ ਤੋਂ ਮਿਲ ਰਿਹਾ ਸਹਿਯੋਗ ਸ਼ਲਾਘਾਯੋਗ ਹੈ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਪੂਰੀ ਪਾਰਦਰਸ਼ਤਾ ਨਾਲ ਲੋੜਵੰਦਾਂ ਨੂੰ ਰਾਹਤ ਸਮੱਗਰੀ ਅਤੇ ਵਿੱਤੀ ਸਹਾਇਤਾ ਪ੍ਰਦਾਨ

ਕਰ ਰਿਹਾ ਹੈ। ਇਹ ਰਕਮ ਪ੍ਰਸ਼ਾਸਨ ਵੱਲੋਂ ਜ਼ਿਲ੍ਹਾ ਰੈਡ ਕਰਾਸ ਸੋਸਾਇਟੀ ਰਾਹੀਂ ਹੜ੍ਹ ਪ੍ਰਭਾਵਿਤ ਪਰਿਵਾਰਾਂ ਦੀਆਂ ਜ਼ਰੂਰਤਾਂ 'ਤੇ ਖ਼ਰਚ ਕੀਤੀ ਜਾਵੇਗੀ। ਐਸ.ਡੀ.ਐਮ ਨੇ ਉਮੀਦ ਪ੍ਰਗਟਾਈ ਕਿ ਇਸ ਕੰਮ ਵਿੱਚ ਹੋਰ ਸੰਸਥਾਵਾਂ ਅਤੇ ਸਮਾਜ ਸੇਵਕ ਅੱਗੇ ਆਉਣਗੇ ਤਾਂ ਜੋ ਪ੍ਰਭਾਵਿਤ ਲੋਕਾਂ ਨੂੰ ਜਲਦੀ ਹੀ ਆਮ ਜ਼ਿੰਦਗੀ ਜਿਉਣ ਵਿੱਚ ਮਦਦ ਕੀਤੀ ਜਾ ਸਕੇ। ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਮਹੰਤ ਵਰਿੰਦਰ ਸਿੰਘ ਸਿੱਧੂ ਨੇ ਕਿਹਾ ਕਿ ਗੁਰਦੁਆਰਾ ਸਾਹਿਬ ਦੀ ਪਰੰਪਰਾ ਹਮੇਸ਼ਾ ਮਨੁੱਖਤਾ ਦੀ ਸੇਵਾ ਕਰਨ ਦੀ ਰਹੀ ਹੈ ਅਤੇ ਭਵਿੱਖ ਵਿੱਚ ਵੀ ਹਰ ਸੰਭਵ ਸਹਿਯੋਗ ਜਾਰੀ ਰਹੇਗਾ।

ਸਿੱਖ ਨੈਸ਼ਨਲ ਕਾਲਜ ਬੰਗਾ ਵਿਖੇ ਐਨ ਐਸ ਐਸ ਦਿਵਸ ਮੌਕੇ ਸਮਾਗਮ ਕਰਵਾਇਆ

ਬੰਗਾ/ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ) ਸਿੱਖ ਨੈਸ਼ਨਲ ਕਾਲਜ ਬੰਗਾ ਦੇ ਐੱਨ ਐੱਸ ਐੱਸ ਵਿਭਾਗ ਵੱਲੋਂ ਪ੍ਰਿੰਸੀਪਲ ਡਾ. ਤਰਸੇਮ ਸਿੰਘ ਭਿੰਡਰ ਜੀ ਦੀ ਯੋਗ ਅਗਵਾਈ ਹੇਠ ਪ੍ਰੋਗਰਾਮ ਅਫ਼ਸਰ ਪ੍ਰੋ ਵਿਪਨ ਅਤੇ ਡਾ.ਨਿਰਮਲਜੀਤ ਕੌਰ ਦੇ ਯਤਨਾਂ ਸਦਕਾ ਐੱਨ.ਐੱਸ.ਐੱਸ ਦਿਵਸ ਮਨਾਇਆ ਗਿਆ। ਇਸ ਮੌਕੇ ਸ. ਗੁਰਚਰਨ ਸਿੰਘ ਸ਼ੇਰਗਿੱਲ (ਸੰਸਥਾਪਕ ਅਮਰਦੀਪ ਸ਼ੇਰਗਿੱਲ ਕਾਲਜ) ਨੇ ਮੁੱਖ ਮਹਿਮਾਨ ਵਜੋਂ ਅਤੇ ਸ. ਸੁਰਿੰਦਰ ਸਿੰਘ ਢੀਂਡਸਾ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਪ੍ਰਿੰਸੀਪਲ ਡਾ. ਤਰਸੇਮ ਸਿੰਘ ਜੀ ਨੇ ਸੁਆਗਤੀ ਸ਼ਬਦ ਸਾਂਝੇ ਕਰਦਿਆਂ ਮਹਿਮਾਨਾਂ ਦਾ ਫੁੱਲਾਂ ਨਾਲ ਸਵਾਗਤ ਕੀਤਾ ਅਤੇ ਵਿਦਿਆਰਥੀਆਂ ਨੂੰ ਕੌਮੀ ਸੇਵਾ ਯੋਜਨਾ ਦੇ ਮਨੋਰਥਾਂ ਬਾਰੇ ਜਾਣਕਾਰੀ ਵੀ ਪ੍ਰਦਾਨ ਕੀਤੀ। ਮੁੱਖ ਮਹਿਮਾਨ ਸ. ਸ਼ੇਰਗਿੱਲ ਸਾਹਿਬ ਨੇ ਆਪਣੇ ਸੰਬੋਧਨ ਵਿੱਚ ਅਮਰਦੀਪ ਸ਼ੇਰਗਿੱਲ ਕਾਲਜ ਦੇ ਨਿਰਮਾਣ ਬਾਰੇ ਦੱਸਦਿਆ ਵੱਧ ਤੋਂ ਵੱਧ ਲਗਨ ਅਤੇ ਮਿਹਨਤ ਨਾਲ ਕੰਮ ਕਰਨ ਲਈ ਪ੍ਰੇਰਿਤ ਕੀਤਾ।ਸ. ਢੀਂਡਸਾ ਜੀ ਨੇ ਵੀ ਵਿਦਿਆਰਥੀਆਂ ਨਾਲ ਆਪਣੇ ਅਨੁਭਵਾਂ ਦੀ ਸਾਂਝ ਪਾਈ। ਵਿਭਾਗ ਵੱਲੋਂ ਐੱਨ.ਐੱਸ.ਐੱਸ ਦਿਵਸ ਨੂੰ ਸਮਰਪਿਤ ਕਵਿਤਾ, ਭਾਸ਼ਣ ਅਤੇ ਵਾਦ-ਵਿਵਾਦ ਮੁਕਾਬਲੇ ਕਰਵਾਏ ਗਏ। ਇਹਨਾਂ ਮੁਕਾਬਲਿਆਂ ਵਿੱਚ ਕਰਨ ਰਾਣਾ,ਮਹਿਮਾ, ਸੁਖਮਨਵੀਰ ਸਿੰਘ, ਹਰਜਿੰਦਰ, ਜਸਕਰਨ, ਦਮਨਪ੍ਰੀਤ ਕੌਰ, ਗੁਰਵੀਰ, ਪ੍ਰਥਾ, ਲੱਛਮੀ, ਇੰਦਰਜੀਤ ਸਿੰਘ ਜੇਤੂ ਰਹੇ। ਇਹਨਾਂ ਮੁਕਾਬਲਿਆਂ ਦੀ ਜੱਜਮੈਂਟ ਪ੍ਰੋ. ਨੀਲਮ ਅਤੇ ਪ੍ਰੋ. ਕਿਸ਼ੋਰ ਕੁਮਾਰ ਵੱਲੋਂ ਨਿਭਾਈ ਗਈ। ਇਸ ਮੌਕੇ ਵਲੰਟੀਅਰ ਸੁਖਮਨਵੀਰ ਸਿੰਘ ਵੱਲੋਂ ਐੱਨ.ਐੱਸ.ਐੱਸ ਦਿਵਸ ਦੀ ਮਹੱਤਤਾ ਅਤੇ ਵਿਭਾਗੀ ਗਤੀਵਿਧੀਆਂ ਬਾਰੇ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ ਗਿਆ।ਇਸ ਮੌਕੇ ਕਲਾ ਅਤੇ ਸੱਭਿਆਚਾਰਕ ਵਿਭਾਗ ਦੇ ਡੀਨ ਡਾ. ਗੁਰਵਿੰਦਰ ਸਿੰਘ, ਡੀਨ ਸਹਾਇਕ ਪ੍ਰੋ. ਤਜਿੰਦਰ ਸਿੰਘ, ਪ੍ਰੋ. ਮਨਮੰਤ ਸਿੰਘ ਦਾ ਵਿਸ਼ੇਸ਼ ਸਹਿਯੋਗ ਰਿਹਾ। ਇਸ ਸਮਾਗਮ ਵਿੱਚ ਕੰਪਿਊਟਰ ਵਿਭਾਗ ਦੇ ਮੁਖੀ ਪ੍ਰੋ.ਆਬਿਦ ਵਕਾਰ,ਡਾ. ਹਰਜੋਤ ਸਿੰਘ, ਪ੍ਰੋ. ਓਂਕਾਰ ਸਿੱਧੂ, ਪ੍ਰੋ. ਚਰਨਦੀਪ ਸੈਣੀ ਨੇ ਸ਼ਿਰਕਤ ਕੀਤੀ। ਸਮਾਗਮ ਦੇ ਅੰਤ ਵਿੱਚ ਪ੍ਰੋ. ਵਿਪਨ ਵੱਲੋਂ ਧੰਨਵਾਦੀ ਸ਼ਬਦ ਸਾਂਝੇ ਕੀਤੇ ਗਏ।

50 ਮਰੀਜਾਂ ਨੂੰ ਦਿੱਤੀਆਂ ਕਿੱਟਾਂ, ਜ਼ਿਲ੍ਹੇ 'ਚ 125 ਲੋੜਵੰਦ ਮਰੀਜਾਂ ਨੂੰ ਮਿਲ ਰਹੀ ਹੈ ਮਾਸਿਕ ਰਾਸ਼ਨ ਸਮੱਗਰੀ

ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ) ਪੰਜਾਬ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਇੱਥੇ ਟੀ.ਬੀ. ਦੇ ਮਰੀਜਾਂ ਨੂੰ ਡਿਪਟੀ ਕਮਿਸ਼ਨਰ ਦਫ਼ਤਰ ਵੱਲੋਂ ਮੁਹੱਈਆ ਕਰਵਾਈਆਂ ਰਾਸ਼ਨ ਕਿੱਟਾਂ ਦਿੰਦਿਆਂ ਕਿਹਾ ਕਿ ਪੰਜਾਬ ਸਰਕਾਰ ਮਰੀਜਾਂ ਦੇ ਮਿਆਰੀ ਇਲਾਜ ਤੋਂ ਇਲਾਵਾ ਉਨ੍ਹਾਂ ਦੀ ਹਰ ਸੰਭਵ ਮਦਦ ਲਈ ਵਚਨਬੱਧ ਹੈ। ਸਥਾਨਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਲੋੜਵੰਦ ਮਰੀਜਾਂ ਨੂੰ ਰਾਸ਼ਨ ਕਿੱਟਾਂ ਦੇਣ ਮੌਕੇ ਸਿਹਤ ਮੰਤਰੀ ਨੇ ਕਿਹਾ ਕਿ ਟੀ.ਬੀ. ਦੇ ਖਾਤਮੇ ਲਈ ਪੰਜਾਬ ਸਰਕਾਰ ਵੱਲੋਂ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ ਜਿਨ੍ਹਾਂ ਵਿੱਚ ਮੁਫ਼ਤ ਟੈਸਟ, ਦਵਾਈਆਂ ਅਤੇ ਲੋੜਵੰਦ ਮਰੀਜਾਂ ਨੂੰ ਕਿੱਟਾਂ ਦੀ ਵੰਡ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਸਿਵਲ ਹਸਪਤਾਲ ਨਵਾਂਸ਼ਹਿਰ ਵਿਖੇ ਟੀ.ਬੀ. ਦੇ ਮਰੀਜਾਂ ਲਈ ਇਲਾਜ ਦੀ ਹਰ ਸਹੂਲਤ ਮੁਫ਼ਤ ਦਿੱਤੀ ਜਾ ਰਹੀ ਹੈ ਅਤੇ ਮਰੀਜ ਜ਼ਿਲ੍ਹੇ ਦੇ ਵੱਖ-ਵੱਖ ਬਲਾਕਾਂ ਵਿੱਚ ਸਥਾਪਤ ਸਰਕਾਰੀ ਹਸਪਤਾਲਾਂ ਤੋਂ ਵੀ ਦਵਾਈਆਂ ਪ੍ਰਾਪਤ ਕਰ ਸਕਦੇ ਹਨ। ਸਿਹਤ ਮੰਤਰੀ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਹਰ ਮਹੀਨੇ 100 ਤੋਂ ਵੱਧ ਰਾਸ਼ਨ ਕਿੱਟਾਂ ਵੰਡੀਆਂ ਜਾਂਦੀ ਹਨ ਜਿਨ੍ਹਾਂ ਵਿੱਚ ਦਾਲਾਂ, ਪ੍ਰੋਟੀਨ ਆਧਾਰਤ ਖਾਣ ਵਾਲੇ ਪਦਾਰਥ ਅਤੇ ਲੋੜੀਂਦਾ ਰਾਸ਼ਨ ਸ਼ਾਮਲ ਹੁੰਦਾ ਹੈ। ਉਨ੍ਹਾਂ ਕਿਹਾ ਕਿ ਜਿਹੜੇ ਲੋੜਵੰਦ ਮਰੀਜ ਸਿਵਲ ਹਸਪਤਾਲ ਜਾਂ ਹੋਰਨਾਂ ਹਸਪਤਾਲਾਂ ਵਿੱਚ ਰਜਿਸਟਰ ਹੋ ਜਾਂਦੇ ਹਨ ਉਨ੍ਹਾਂ ਨੂੰ ਮਾਸਿਕ ਰਾਸ਼ਨ ਦੀ ਸਹੂਲਤ ਦਿੱਤੀ ਜਾਂਦੀ ਹੈ। ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਸਮਾਜਿਕ ਤੇ ਧਾਰਮਿਕ ਸੰਸਥਾਵਾਂ, ਗੈਰ ਸਰਕਾਰੀ ਸੰਸਥਾਵਾਂ ਅਤੇ ਡਿਪਟੀ ਕਮਿਸ਼ਨਰ ਦਫ਼ਤਰ ਵੱਲੋਂ ਟੀ.ਬੀ. ਦੇ ਮਰੀਜਾਂ ਦੀ ਭਲਾਈ ਲਈ ਸਮੇਂ-ਸਮੇਂ 'ਤੇ ਲੋੜੀਂਦੀ ਮਦਦ ਕੀਤੀ ਜਾਂਦੀ ਹੈ।

ਜੁਝਾਰੂ ਆਂਗਣਵਾੜੀ ਯੂਨੀਅਨ ਪੰਜਾਬ ਤੋਂ ਕਰੇਗੀ ਪੋਸ਼ਣ ਟਰੈਕਰ ਦਾ ਮੁਕੰਮਲ ਕੰਮ ਬੰਦ -ਦਲਜੀਤ ਕੌਰ ਧੌਲ

ਬਲਾਚੌਰ, (ਜਤਿੰਦਰ ਪਾਲ ਸਿੰਘ ਕਲੇਰ)- ਜੁਝਾਰੂ ਆਂਗਣਵਾੜੀ ਵਰਕਰ ਤੇ ਹੈਲਪਰ ਯੂਨੀਅਨ ਪੰਜਾਬ ਦੀ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਪ੍ਰਧਾਨ ਦਲਜੀਤ ਕੌਰ ਧੌਲ ਨੇ ਜਾਣਕਾਰੀ ਜਾਣਕਾਰੀ ਦਿੰਦਿਆਂ ਹੋਇਆਂ ਦੱਸਿਆ ਕਿ ਪਿਛਲੇ ਛੇ ਮਹੀਨੇ ਅਪ੍ਰੈਲ ਤੋਂ ਲਗਾਤਾਰ ਅਸੀਂ ਜੋ ਕਿ ਸੈਂਟਰ ਸਰਕਾਰ ਵੱਲੋਂ 4500 ਰੁਪਏ ਆਂਗਣਵਾੜੀ ਵਰਕਰ ਅਤੇ 2250 ਰੁਪਏ ਆਂਗਣਵਾੜੀ ਹੈਲਪਰ ਨੂੰ ਦਿੱਤੇ ਜਾਂਦੇ ਹਨ, ਪਰ ਜਦੋਂ ਤੋਂ ਇਹ ਸਰਕਾਰ ਸੱਤਾ ਦੇ ਵਿੱਚ ਆਈ ਹੈ ਸਾਨੂੰ ਸਾਡਾ ਮਾਨ ਭੱਤਾ ਕਦੇ ਵੀ ਟਾਈਮ ਸਿਰ ਨਹੀਂ ਦਿੱਤਾ ਗਿਆ। ਇਸ ਵਾਰ ਤਾਂ ਵਿਭਾਗ ਨੇ ਲਾਪਰਵਾਹੀ ਵਾਲੀ ਹੱਦ ਹੀ ਪਾਰ ਕਰ ਦਿੱਤੀ ਕਿ ਅਪ੍ਰੈਲ ਤੋਂ ਮਾਣ ਭੱਤਾ ਬਿੱਲਕੁਲ ਹੀ ਬੰਦ ਕਰ ਦਿੱਤਾ ਹੈ। ਇੱਕ ਆਂਗਣਵਾੜੀ ਵਰਕਰ ਨੂੰ ਪੋਸ਼ਣ ਟਰੈਕਰ ਦਾ ਕੰਮ ਕਰਨ ਦੇ ਨਿੱਤ ਨਵੇਂ ਫੁਰਮਾਨ ਜਾਰੀ ਕੀਤੇ ਜਾਂਦੇ ਹਨ ਜੋ ਕਿ ਆਂਗਣਵਾੜੀ ਵਰਕਰ ਬਿਨਾਂ ਕਿਸੇ ਸਰਕਾਰੀ ਫੋਨ ਦੇ ਆਪਣੇ ਫੋਨ ਤੇ ਹੀ ਕੀਤੇ ਜਾਂਦੇ ਹਨ ਤੇ ਜਿਸਦਾ ਰੀਚਾਰਜ ਭੱਤਾ ਸਿਰਫ 166 ਰੁਪਏ ਦਿੱਤਾ ਜਾਂਦਾ ਹੈ ਦੂਸਰੇ ਪਾਸੇ ਵਿਭਾਗ ਦੇ ਕੈਬਨਿਟ ਮੰਤਰੀ ਡਾਕਟਰ ਬਲਜੀਤ ਕੌਰ ਮੀਡੀਆ 'ਤੇ ਪੰਜਾਬ ਦੀ ਭਲਾਈ ਪ੍ਰਤੀ ਵੱਡੇ-ਵੱਡੇ ਵਾਅਦੇ ਕਰ ਰਹੇ ਹਨ, ਪਰ ਉਹਨਾਂ ਨੂੰ ਆਪਣੇ ਵਿਭਾਗ ਵਿੱਚ ਨਿਗੂਣੇ ਜਿਹੇ ਮਾਨ ਭੱਤੇ 'ਤੇ ਕੰਮ ਕਰ ਰਹੀਆਂ ਹਜਾਰਾਂ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਬਿੱਲਕੁਲ ਨੀ ਦਿਖਾਈ ਦੇ ਰਹੀਆਂ। ਧਿਆਨਯੋਗ ਗੱਲ ਇਹ ਹੈ ਕਿ ਇਸ ਸਕੀਮ ਨੂੰ ਲਾਗੂ ਹੋਇਆ 2 ਅਕਤੂਬਰ 2025 ਨੂੰ ਪੂਰੇ ਪੰਜਾਹ ਸਾਲ ਹੋ ਜਾਣੇ ਹਨ। ਸਾਨੂੰ ਦੇਣਾ ਤਾਂ ਕੁੱਝ ਦੂਰ ਸਾਡਾ ਬਣਦਾ ਮਾਨ ਭੱਤਾ ਵੀ ਇਹ ਬੰਦ ਕਰੀ ਬੈਠੇ ਹਨ। ਜ਼ਿਲ੍ਹਾ ਪ੍ਰਧਾਨ ਦਲਜੀਤ ਕੌਰ ਧੌਲ ਨੇ ਵਿਭਾਗ ਨੂੰ ਸਖਤ ਚਿਤਾਵਨੀ ਦਿੰਦੇ ਹੋਏ ਆਖਿਆ ਕਿ ਜੇਕਰ ਵਿਭਾਗ ਨੇ ਸੈਂਟਰ ਫੰਡ ਦਾ ਬੱਜਟ ਨਾ ਰਿਲੀਜ ਕੀਤਾ ਤਾਂ ਅੱਜ 28 ਸਤੰਬਰ 2025 ਤੋਂ ਪੋਸ਼ਣ ਟਰੈਕਰ ਦਾ ਕੰਮ ਵਿਭਾਗ ਦੇ ਆਉਦੇ ਹੁਕਮਾਂ ਤੱਕ ਅਤੇ ਬੱਜਟ ਰਿਲੀਜ ਨਾ ਹੋਣ ਤੱਕ ਬੰਦ ਰੱਖਿਆ ਜਾਵੇਗਾ, ਜਿਸ ਦੀ ਜਿੰਮੇਵਾਰੀ ਵਿਭਾਗ ਦੀ ਹੋਵੇਗੀ। ਉਹਨਾਂ ਕਿਹਾ ਇਹ ਫੈਸਲਾ ਜੁਝਾਰੂ ਆਂਗਣਵਾੜੀ ਵਰਕਰ ਤੇ ਹੈਲਪਰ ਯੂਨੀਅਨ ਪੰਜਾਬ ਦੀ ਪ੍ਰਧਾਨ ਰੀਮਾ ਰਾਣੀ ਰੋਪੜ ਅਤੇ ਸੂਬਾ ਕਮੇਟੀ ਦੇ ਦਿਸ਼ਾ ਨਿਰਦੇਸ਼ ਅਨੁਸਾਰ ਲਿਆ ਗਿਆ ਹੈ।

ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਆਪਣਾ ਘਰ ਆਮ ਆਦਮੀ ਕਲੀਨਿਕ ਲਈ ਦਿੱਤਾ

ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ) ਪੰਜਾਬ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਆਪਣੇ ਜੱਦੀ ਪਿੰਡ ਭੌਰਾ ਵਿਖੇ ਸਥਿਤ ਘਰ ਨੂੰ ਆਮ ਆਦਮੀ ਕਲੀਨਿਕ ਬਣਾਉਣ ਲਈ ਪੰਜਾਬ ਸਰਕਾਰ ਨੂੰ ਦਿੱਤਾ ਹੈ ਜਿਸ ਦੀ ਲਿਖਤੀ ਸਹਿਮਤੀ 'ਤੇ ਅੱਜ ਇੱਥੇ ਸਿਹਤ ਮੰਤਰੀ ਅਤੇ ਸੁੱਜੋ ਦੇ ਐਸ.ਐਮ.ਓ ਵਿਚਾਲੇ ਸਹੀ ਪਾਈ ਗਈ। ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਆਪਣਾ ਘਰ ਮੁਫ਼ਤ ਪੰਜਾਬ ਸਰਕਾਰ ਨੂੰ ਦਿੱਤਾ ਹੈ ਜਿੱਥੇ ਜਲਦ ਹੀ ਆਮ ਆਦਮੀ ਕਲੀਨਿਕ ਸਥਾਪਤ ਹੋਣ ਨਾਲ ਲਾਗਲੇ ਕਈ ਪਿੰਡਾਂ ਦੇ ਵਸਨੀਕਾਂ ਨੂੰ ਮਿਆਰੀ ਸਿਹਤ ਸਹੂਲਤਾਂ ਮਿਲਣਗੀਆਂ। ਉਨ੍ਹਾਂ ਦੱਸਿਆ ਕਿ ਆਮ ਆਦਮੀ ਕਲੀਨਿਕ ਵਿਖੇ ਮਾਹਿਰ ਡਾਕਟਰਾਂ ਅਤੇ ਸਟਾਫ਼ ਦੀ ਤਾਇਨਾਤੀ ਨਾਲ ਮੁਫ਼ਤ ਦਵਾਈਆਂ ਦੀ ਵਿਵਸਥਾ ਤੋਂ ਇਲਾਵਾ ਲੋਕਾਂ ਦੇ ਰੂਟੀਨ ਦੇ ਮੈਡੀਕਲ ਟੈਸਟ ਲਈ ਵੀ ਸੈਂਪਲ ਲਏ ਜਾਣਗੇ ਜਿਸ ਨਾਲ ਇਲਾਕੇ ਦੇ ਲੋਕਾਂ ਨੂੰ ਸਿਹਤ ਸੇਵਾਵਾਂ ਦਾ ਵੱਡਾ ਲਾਭ ਹੋਵੇਗਾ। ਆਮ ਆਦਮੀ ਕਲੀਨਿਕਾਂ ਬਾਰੇ ਜਾਣਕਾਰੀ ਦਿੰਦਿਆਂ ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਸੂਬੇ ਵਿੱਚ 881 ਆਮ ਆਦਮੀ ਕਲੀਨਿਕ ਕਾਰਜਸ਼ੀਲ ਹਨ ਜਿੱਥੇ ਹੁਣ ਤੱਕ ਓ.ਪੀ.ਡੀ. ਦੀ ਗਿਣਤੀ 4.04 ਕਰੋੜ ਹੈ ਜਿਸ ਤੋਂ ਸਪੱਸ਼ਟ ਹੁੰਦਾ ਹੈ ਕਿ ਇਹ ਕਲੀਨਿਕ ਲੋਕਾਂ ਲਈ ਵੱਡੀ ਸਹੂਲਤ ਸਾਬਤ ਹੋਏ ਹਨ। ਉਨ੍ਹਾਂ ਦੱਸਿਆ ਕਿ ਸ਼ਹੀਦ ਭਗਤ ਸਿੰਘ ਨਗਰ ਵਿਖੇ 19 ਆਮ ਆਦਮੀ ਕਲੀਨਿਕ ਚੱਲ ਰਹੇ ਹਨ ਅਤੇ ਜਲਦ ਹੀ ਪਿੰਡ ਭੌਰਾ ਅਤੇ ਨਵਾਂਸ਼ਹਿਰ ਸਬ ਡਿਵੀਜ਼ਨ ਦੇ ਸ਼ਹਿਰ ਖੇਤਰ 'ਚ 3 ਹੋਰ ਕਲੀਨਿਕ ਖੋਲ੍ਹਣ ਨਾਲ ਇਹ ਗਿਣਤੀ 23 ਹੋ ਜਾਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਨੂੰ ਮਿਆਰੀ ਸਿਹਤ ਸਹੂਲਤਾ ਮੁਹੱਈਆ ਕਰਵਾਉਣ ਦੇ ਆਪਣੇ ਵਾਅਦੇ ਨੂੰ ਪੂਰੀ ਵਚਨਬੱਧਤਾ ਨਾਲ ਪੂਰਾ ਕਰ ਰਹੀ ਹੈ। ਪੰਜਾਬ ਵਿੱਚ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਸਿਹਤ ਸੇਵਾਵਾਂ ਬਾਰੇ ਡਾ. ਬਲਬੀਰ ਸਿੰਘ ਨੇ ਕਿਹਾ ਕਿ ਸਿਹਤ ਵਿਭਾਗ ਦੀਆਂ ਟੀਮਾਂ ਲਗਾਤਾਰ ਇਨ੍ਹਾਂ ਖੇਤਰਾਂ ਵਿੱਚ ਲੋਕਾਂ ਨੂੰ ਲੋੜੀਂਦੀਆਂ ਸੇਵਾਵਾਂ ਮੁਹੱਈਆ ਕਰਵਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸਿਵਲ ਸਰਜਨਾਂ ਨੂੰ ਦਿੱਤੇ ਨਿਰਦੇਸ਼ਾਂ ਤਹਿਤ ਪਿੰਡਾਂ ਵਿੱਚ ਸਿਹਤ ਕੈਂਪ ਲਾਏ ਜਾ ਰਹੇ ਹਨ ਤਾਂ ਜੋ ਕਿਸੇ ਵੀ ਤਰ੍ਹਾਂ ਦੀ ਸਿਹਤ ਸਮੱਸਿਆ 'ਤੇ ਕਾਬੂ ਪਾਇਆ ਜਾ ਸਕੇ। ਉਨ੍ਹਾਂ ਦੱਸਿਆ ਕਿ ਪੰਜਾਬ ਵਿੱਚ ਹੜ੍ਹਾਂ ਦੀ ਬੁਰੀ ਤਰ੍ਹਾਂ ਚਪੇਟ 'ਚ ਆਏ 2303 ਪਿੰਡਾਂ ਵਿੱਚ ਸਿਹਤ ਵਿਭਾਗ ਦੀਆਂ ਟੀਮਾਂ ਵਿਸ਼ੇਸ਼ ਤੌਰ 'ਤੇ ਜਾ ਕੇ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਦੇ ਨਾਲ-ਨਾਲ ਪਾਣੀ ਨਾਲ ਫੈਲਣ ਵਾਲੀਆਂ ਬਿਮਾਰੀਆਂ ਆਦਿ ਦੀ ਰੋਕਥਾਮ ਵਿੱਚ ਲਗੀਆਂ ਹੋਈਆਂ ਹਨ। ਉਨ੍ਹਾਂ ਦੱਸਿਆ ਕਿ 11103 ਆਸ਼ਾ ਵਰਕਰਾਂ ਵੱਲੋਂ ਡੋਰ ਟੂ ਡੋਰ ਸਰਵੇ ਕਰਕੇ ਪਿੰਡਾਂ ਵਿੱਚ ਮੌਜੂਦਾ ਸਥਿਤੀ ਬਾਰੇ ਵਿਭਾਗ ਨੂੰ ਜਾਣਕਾਰੀ ਦੇਣ ਦੇ ਨਾਲ-ਨਾਲ ਸਿਹਤ ਕਿੱਟਾਂ ਦੀ ਵੀ ਵੰਡ ਕੀਤੀ ਜਾ ਰਹੀ ਹੈ।

ਪੀ. ਐੱਸ. ਆਰਟਸ ਐਂਡ ਕਲਚਰਲ ਸੁਸਾਇਟੀ ਵੱਲੋਂ ਟੈਗੋਰ ਥੀਏਟਰ ਵਿੱਚ ਪੰਜਾਬੀ ਨਾਟਕ "ਸੌਂਕਣ" ਦੀ ਹੋਈ ਸ਼ਾਨਦਾਰ ਪੇਸ਼ਕਾਰੀ

ਚੰਡੀਗੜ੍ਹ, (ਰਮੇਸ਼ਵਰ ਸਿੰਘ) - ਪੀ.ਐਸ. ਆਰਟਸ ਐਂਡ ਕਲਚਰਲ ਸੁਸਾਇਟੀ (ਰਜਿ.) ਮੁਹਾਲੀ ਵੱਲੋਂ ਅੱਜ ਸ਼ਾਮ ਟੈਗੋਰ ਥੀਏਟਰ, ਸੈਕਟਰ-18, ਚੰਡੀਗੜ੍ਹ ਵਿਖੇ ਪ੍ਰਸਿੱਧ ਲੇਖਕ ਬਲਵੰਤ ਗਾਰਗੀ ਦੁਆਰਾ ਰਚਿਤ ਪੰਜਾਬੀ ਨਾਟਕ "ਸੌਂਕਣ" ਦੀ ਸਫਲਤਾਪੂਰਵਕ ਪੇਸ਼ਕਾਰੀ ਕੀਤੀ ਗਈ। ਨਾਟਕ ਦਾ ਨਿਰਦੇਸ਼ਨ ਈਮਾਨੁਅਲ ਸਿੰਘ ਨੇ ਕੀਤਾ ਅਤੇ ਇਸ ਨਾਟਕ ਦੀ ਪੇਸ਼ਕਾਰੀ ਪ੍ਰਸਿੱਧ ਕਲਾਕਾਰ ਡਾ. ਜਸਵਿੰਦਰ ਸਿੰਘ ਭੱਲਾ ਦੀ ਯਾਦ ਨੂੰ ਸਮਰਪਿਤ ਸੀ। ਵਿਸ਼ੇਸ਼ ਮਹਿਮਾਨਾਂ ਦੀ ਹਾਜ਼ਰੀ ਨੇ ਸਮਾਗਮ ਨੂੰ ਹੋਰ ਵੀ ਹਰਮਨ ਪਿਆਰਾ ਬਣਾ ਦਿੱਤਾ, ਜਦੋਂ ਮਾਣਯੋਗ ਸ਼ਖ਼ਸੀਅਤਾਂ ਸ੍ਰੀ ਬਾਲ ਮਕੰਦ ਸ਼ਰਮਾ (ਚੇਅਰਮੈਨ, ਫੂਡ ਕਮਿਸ਼ਨਰ ਪੰਜਾਬ), ਏ.ਐਸ. ਰਾਏ ਆਈ.ਪੀ.ਐਸ. (ਡੀ.ਜੀ.ਪੀ. ਪੰਜਾਬ), ਐੱਮ. ਐੱਸ. ਔਜਲਾ (ਫਾਰਮਰ ਚੀਫ਼ ਟਾਊਨ ਪਲਾਨਰ, ਗਵਰਨਮੈਂਟ ਆੱਫ ਪੰਜਾਬ), ਡਾ. ਸਤੀਸ਼ ਵਰਮਾ (ਪ੍ਰੋਫੈਸਰ ਇਮੈਨਿਟੀਸ, ਦੇਸ਼ ਭਗਤ ਯੂਨੀਵਰਸਿਟੀ, ਮੰਡੀ ਬੋਰਡ, ਗੋਬਿੰਦਗੜ੍ਹ), ਪਰਮਦੀਪ ਕੋਰ ਭੱਲਾ (ਸੁਪਤਨੀ ਸਵ. ਡਾ. ਜਸਵਿੰਦਰ ਸਿੰਘ ਭੱਲਾ) ਅਤੇ ਉਹਨਾਂ ਦੀ ਭੈਣ ਕੁਲਜੀਤ ਕੋਰ, ਵੈਮਸਲੇਅ ਕੁਕ (ਅਸਿਸਟੈਂਟ ਪ੍ਰੋਫ਼ੈਸਰ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ) ਨੇ ਪ੍ਰੋਗਰਾਮ ਵਿੱਚ ਸ਼ਿਰਕਤ ਕੀਤੀ। ਪੀ. ਐਸ. ਆਰਟਸ ਐਂਡ ਕਲਚਰਲ ਸੁਸਾਇਟੀ ਦੁਆਰਾ ਲਗਾਈ ਗਈ ਤਿੰਨ ਰੋਜ਼ਾ ਵਰਕਸ਼ਾਪ ਲਈ ਲੰਡਨ ਤੋਂ ਆਏ ਥੀਏਟਰ ਡਾਇਰੈਕਟਰ ਟੋਨੀ ਸਿਲੀ ਅਤੇ ਥੀਏਟਰ ਡਾਇਰੈਕਟਰ ਨੇਲ ਮੁਖਰਜੀ ਨੇ ਵਿਸ਼ੇਸ਼ ਤੋਰ ਤੇ ਇਸ ਪ੍ਰੋਗਰਾਮ ਵਿੱਚ ਸ਼ਿਰਕਤ ਕੀਤੀ, ਉਹਨਾ ਦੀ ਅਗਵਾਈ ਹੇਠ ਥੀਏਟਰ ਵਰਕਸ਼ਾਪ ਦਾ ਕਾਰਜ ਵਾਕਿਆ ਹੀ ਸ਼ਲਾਘਾ ਯੋਗ ਰਿਹਾ। ਉਹਨਾਂ ਨੇ ਤਿੰਨ ਦਿਨਾਂ ਇੰਟਰਨੈਸ਼ਨਲ ਥੀਏਟਰ ਵਰਕਸ਼ਾਪ ਵਿੱਚ ਸਾਰੇ ਭਾਗੀਦਾਰਾਂ ਨੂੰ ਬਹੁਤ ਹੀ ਸੋਹਣੇ ਢੰਗ ਨਾਲ ਥੀਏਟਰ ਦੀਆਂ ਬਾਰੀਕੀਆਂ ਸਿਖਾਈਆਂ। ਇਸ ਵਰਕਸ਼ਾਪ ਵਿੱਚ ਰਾਸ਼ਟਰਪਤੀ ਅਵਾਰਡੀ ਸੁਸਾਇਟੀ ਦੇ ਚੇਅਰਮੈਨ ਸ. ਬਲਕਾਰ ਸਿੱਧੂ ਵੱਲੋਂ ਪੰਜਾਬੀ ਲੋਕ ਨਾਚ ਭੰਗੜੇ ਦੀ ਸਿਖਲਾਈ ਦਿੱਤੀ ਗਈ।

ਇਸ ਸਮਾਗਮ ਦੀ ਸਫਲਤਾ ਵਿੱਚ ਪੀ.ਐਸ. ਆਰਟਸ ਐਂਡ ਕਲਚਰਲ ਸੁਸਾਇਟੀ ਦੇ ਪ੍ਰਧਾਨ ਪ੍ਰਵੀਨ ਸੰਧੂ ਅਤੇ ਬਲਕਾਰ ਸਿੱਧੂ (ਰਾਸ਼ਟਰਪਤੀ ਅਵਾਰਡੀ, ਚੇਅਰਮੈਨ, ਪੀ.ਐਸ. ਆਰਟਸ ਐਂਡ ਕਲਚਰਲ ਸੁਸਾਇਟੀ) ਦਾ ਵਿਸ਼ੇਸ਼ ਯੋਗਦਾਨ ਰਿਹਾ। ਟਰਾਈ ਸਿਟੀ ਤੋਂ ਇਲਾਵਾ ਹਰਿਆਣਾ, ਹਿਮਾਚਲ ਅਤੇ ਰਾਜਸਥਾਨ ਤੇ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਚੋਂ ਆਏ ਕਲਾ ਪ੍ਰੇਮੀਆਂ ਨੇ ਵੀ ਹਾਲ ਦੀ ਰੌਣਕ ਵਧਾਈ ਤੇ ਪ੍ਰੋਗਰਾਮ ਦਾ ਸੰਪੂਰਨ ਆਨੰਦ ਮਾਣਿਆ।

ਨਾਟਕ ਪੂਰਾ ਹੋਣ 'ਤੇ ਦਰਸ਼ਕਾਂ ਨੇ ਪੰਜਾਬੀ ਸਭਿਆਚਾਰ ਤੇ ਕਲਾ ਨੂੰ ਉਜਾਗਰ ਕਰਨ ਲਈ ਇਸ ਪੇਸ਼ਕਾਰੀ ਦੀ ਖੂਬ ਪ੍ਰਸ਼ੰਸਾ ਕੀਤੀ। ਇਸ ਨਾਟਕ ਨੂੰ ਦਰਸ਼ਕਾਂ ਦੇ ਰੂਬਰੂ ਕਰਵਾਉਂਦੀ ਈਮਾਨੁਅਲ ਸਿੰਘ ਦੀ ਕਲਾਕਾਰਾਂ ਦੀ ਪੂਰੀ ਟੀਮ ਜਿੰਨਾਂ ਵਿੱਚ—ਸ਼ੰਕਰ, ਮਨਦੀਪ, ਅਕਸ ਗਿੱਲ, ਪਰਵਿੰਦਰ ਸਿੰਘ, ਬਾਣੀ ਕੌਰ, ਜਸ਼ਨ ਪ੍ਰੀਤ ਸਿੰਘ, ਮਨੀ ਧੰਦੀਵਾਲ, ਸੁਖਦੀਪ ਕੌਰ ਸੰਘਾ, ਜੀਵਨ ਬਟਾਲਵੀ, ਜਤਿਨ ਬਠਿੰਡਾ, ਤੇ ਜਸਵੀਨ ਕੌਰ—ਨੇ ਆਪਣੀ ਸ਼ਾਨਦਾਰ ਅਦਾਕਾਰੀ ਨਾਲ ਦਰਸ਼ਕਾਂ ਦੇ ਦਿਲ ਜਿੱਤ ਲਏ। ਨੋਜਵਾਨ ਕਲਾਕਾਰਾਂ ਦਾ ਜੋਸ਼ ਤੇ ਲਗਨ ਵੇਖ ਕੇ ਇੰਝ ਲੱਗਾ ਕਿ ਪੰਜਾਬੀ ਥੀਏਟਰ ਦੇ ਭਵਿੱਖ ਨੂੰ ਕੋਈ ਖਤਰਾ ਨਹੀਂ ਹੈ। ਪ੍ਰਧਾਨ ਪ੍ਰਵੀਨ ਸੰਧੂ ਨੇ ਪ੍ਰੋਗਰਾਮ ਦੀ ਸਫਲਤਾ ਦਾ ਸਿਹਰਾ ਪੀ. ਐਸ . ਆਰਟਸ ਐਂਡ ਕਲਚਰਲ ਸੁਸਾਇਟੀ ਦੀ ਪੂਰੀ ਟੀਮ ਨੂੰ ਦਿੱਤਾ। ਉਨ੍ਹਾਂ ਐਲਾਨ ਕੀਤਾ ਕਿ ਪੀ.ਐਸ. ਆਰਟਸ ਐਂਡ ਕਲਚਰਲ ਸੋਸਾਇਟੀ ਅਜਿਹੇ ਸਾਰਥਕ ਅਤੇ ਕਲਾਤਮਕ ਸਮਾਗਮਾਂ ਦਾ ਆਯੋਜਨ ਭਵਿੱਖ ਵਿੱਚ ਵੀ ਪਹਿਲਾ ਵਾਗ ਹੀ ਜਾਰੀ ਰੱਖੇਗੀ ਅਤੇ ਨਵੇਂ ਨਵੇਂ ਕਲਾਕਾਰਾਂ ਨੂੰ ਅੱਗੇ ਆਉਣ ਦੇ ਮੌਕੇ ਦਿੰਦੀ ਰਹੇਗੀ। ਸਾਰੇ ਪ੍ਰੋਗਰਾਮ ਨੂੰ ਕੈਮਰੇ ਵਿੱਚ ਕੈਦ ਕਰਨ ਦੀ ਜ਼ਿੰਮੇਵਾਰੀ ਨਵਜੋਤ ਸਿੰਘ ਨਿਭਾਈ । ਸਮਾਗਮ ਦੇ ਅੰਤ ਵਿੱਚ ਹਾਜ਼ਰ ਮੁੱਖ ਮਹਿਮਾਨਾਂ ਨੇ ਪੀ. ਐੱਸ. ਆਰਟਸ ਐਂਡ ਕਲਚਰਲ ਸੁਸਾਇਟੀ ਦੇ ਪ੍ਰਧਾਨ ਪ੍ਰਵੀਨ ਸੰਧੂ ਦੇ ਇਸ ਉਪਰਾਲੇ ਨੂੰ ਬਹੁਤ ਹੀ ਸਲਾਘਾਯੋਗ ਦੱਸਿਆ ਅਤੇ ਕਿਹਾ ਕਿ ਪੰਜਾਬੀ, ਪੰਜਾਬੀ ਸੱਭਿਆਚਾਰ ਅਤੇ ਥੀਏਟਰ ਪ੍ਰਵੀਨ ਸੰਧੂ ਵਰਗੇ ਨੋਜਵਾਨਾਂ ਦੇ ਹੱਥ ਵਿੱਚ ਹੈ, ਤਾਂ ਇਸ ਨੂੰ ਕਿਸੇ ਗੱਲੋਂ ਡਰ ਨਹੀਂ ਹੈ, ਇਹ ਸਾਡਾ ਸੱਭਿਆਚਾਰ ਸਾਡੀਆਂ ਨਵੀਆਂ ਪੀੜ੍ਹੀਆਂ ਤੱਕ ਪਹੁੰਚਾਉਣ ਦਾ ਪਰਵੀਨ ਸੰਧੂ ਦਾ ਬਹੁਤ ਵੱਡਾ ਉਪਰਾਲਾ ਹੈ। ਇਸਦੇ ਨਾਲ ਹੀ ਡਾ. ਸਤੀਸ਼ ਵਰਮਾ ਜੀ ਨੇ ਕਿਹਾ ਕਿ ਇੱਕ ਸੁਸਾਇਟੀ ਨੂੰ ਬਣਾਉਣਾ ਸੋਖਾ ਹੈ, ਪਰ ਉਸਨੂੰ ਇਸ ਮੁਕਾਮ ਤੱਕ ਲੈ ਕੇ ਜਾਣਾ ਇਹ ਪ੍ਰਵੀਨ ਸੰਧੂ ਵਰਗੇ ਹੋਣਹਾਰ ਨੌਜਵਾਨ ਹੀ ਕਰ ਸਕਦੇ ਹਨ। ਉਹਨਾਂ ਨੇ ਪੀ. ਐੱਸ. ਆਰਟਸ ਐਂਡ ਕਲਚਰਲ ਸੁਸਾਇਟੀ ਦੀ ਪੂਰੀ ਟੀਮ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਅੱਜ ਤੱਕ ਉਹਨਾਂ ਨੇ ਕਿਸੇ ਵੀ ਸੰਸਥਾ ਦੀ ਏਡੀ ਵੱਡੀ ਟੀਮ ਨਹੀਂ ਦੇਖੀ, ਜਿਸ ਤਰ੍ਹਾਂ ਪ੍ਰਵੀਨ ਸੰਧੂ ਦੀ ਪੂਰੀ ਟੀਮ ਇਕਜੁੱਟਤਾ ਨਾਲ ਕੰਮ ਕਰਦੀ ਹੈ। ਉਹਨਾਂ ਨੇ ਪੂਰੀ ਟੀਮ ਦੇ ਕੰਮ ਦੀ ਸ਼ਲਾਘਾ ਦੇ ਨਾਲ ਨਾਲ ਨਾਟਕ ਦੇ ਕਲਾਕਾਰਾਂ ਦਾ ਸਨਮਾਨ ਤੇ ਧੰਨਵਾਦ ਵੀ ਕੀਤਾ। ਪ੍ਰਵੀਨ ਸੰਧੂ ਵੱਲੋਂ ਇਸ ਮੌਕੇ ਤੇ ਹਾਜਰ ਸਾਰੀਆਂ ਮਹਾਨ ਸਖਸੀਅਤਾਂ ਦਾ ਪ੍ਰੋਗਰਾਮ ਵਿੱਚ ਸ਼ਾਮਿਲ ਹੋਣ ਲਈ ਧੰਨਵਾਦ ਕੀਤਾ ਅਤੇ ਪੀ. ਐੱਸ. ਆਰਟਸ ਐਂਡ ਕਲਚਰਲ ਸੁਸਾਇਟੀ ਦੀ ਪੂਰੀ ਟੀਮ ਅਰਸ਼ਦੀਪ ਸਿੰਘ ਸੰਧੂ, ਹਰਨੂਰ ਕੋਰ, ਸੁਸਾਇਟੀ ਦੀ ਜਨਰਲ ਸਕੱਤਰ ਰਾਜਦੀਪ ਕੋਰ, ਐਡਵਾਈਜ਼ਰ ਮੀਨਾ ਚੱਢਾ, ਸ਼ਮਾ ਮਹਾਜਨ,ਪ੍ਰੀਤੀ ਜੈਨ, ਰੋਹਿਤ ਗਿਰਧਰ, ਡਾ. ਸਾਹਿਲ ਮੋਗਲਾ, ਡਾ. ਸੋਨਾਕਸ਼ੀ ਮੋਗਲਾ, ਪ੍ਰੈੱਸ ਸਕੱਤਰ ਸ਼ਾਇਰ ਭੱਟੀ, ਸੁਖਵਿੰਦਰ ਕੌਰ, ਸ.ਤੇਜਾ ਸਿੰਘ ਥੂਹਾ, ਬਲਬੀਰ ਕੋਰ ਸੋਨੀ, ਜੈਸਮਾਈਨ ਸਿੰਘ, ਹੀਨਾ ਪਟਿਆਲ, ਸਾਇਨਾ ਜੈਨ, ਹਰਨੂਰ ਕੋਰ, ਗੁਰਸ਼ਰਨ ਕੌਰ ਭੱਟੀ, ਬੱਗਾ, ਧਨੰਜਿਆ ਚੋਹਾਨ (ਸਖਸ਼ਮ ਟਰੱਸਟ, ਚੰਡੀਗੜ੍ਹ) ਨਾਲ ਰੂਬਰੂ ਕਰਵਾਇਆ। ਇਸ ਤਿੰਨ ਰੋਜਾ ਇੰਟਰਨੈਸ਼ਨਲ ਥੀਏਟਰ ਵਰਕਸ਼ਾਪ ਵਿੱਚ ਅਰਾਧਿਆ, ਅਸਮੀਤ ਸਿੰਘ, ਕਪਿਲ, ਰਾਕੇਸ਼, ਗੁਰਸ਼ਰਨ ਕੌਰ, ਰੰਜਨਾ ਨਾਗਪਾਲ, ਅਸ਼ੋਕ ਕੁਮਾਰ, ਨਵਜੋਤ, ਹਰਜੋਤ ਸਿੰਘ, ਸੀਮਾ ਗੁਪਤਾ, ਸਤਿਅਇੰਦਰ ਕੁਮਾਰ, ਸੁਖਵੀਰ ਸਿੰਘ, ਗੁਰਨੂਰ ਕੋਰ, ਪੂਜਾ, ਸੱਤਿਆਵਤੀ ਅਚਾਰੀਆ, ਜਗਜੀਤ ਸਿੰਘ, ਜਸਵਿੰਦਰ ਕੌਰ, ਹਰਲੀਨ ਕੌਰ, ਸ਼ਰਨਦੀਪ ਕੌਰ, ਬਲਵਿੰਦਰ ਸਿੰਘ ਢਿੱਲੋ, ਸਿਮਰਜੀਤ ਕੌਰ ਢਿੱਲੋ, ਰਾਖੀ ਬਾਲਾ ਸੁਬਰਾ ਮਨੀਅਮ, ਮਨਪ੍ਰੀਤ ਕੌਰ, ਤੇਜਪ੍ਰਤਾਪ ਸਿੰਘ, ਇੰਦੂ, ਸੁਰਿੰਦਰ ਕੌਰ, ਯੁਵਰਾਜ ਸਿੰਘ, ਕੰਵਰਦੀਪ, ਵੰਸ਼, ਸ਼ੈਫਾਲੀ ਗੁਪਤਾ, ਨਵਿਆ ਮਹਾਜਨ, ਸੰਜੀਵ ਨਾਗਪਾਲ, ਭਾਰਤ, ਪ੍ਰਣਵੀ, ਸ਼ਾਨਾਇਆ, ਮੀਨਾਕਸ਼ੀ, ਮੋਨਾ , ਬਿੰਦੂ ਜੈਦਕਾ, ਮਨਦੀਪ ਕੌਰ, ਆਸਥਾ, ਐਡਵੋਕੇਟ ਨੀਲਮ ਨਾਰੰਗ ਜਿਹੀਆਂ ਵੱਖ ਵੱਖ ਖੇਤਰਾਂ ਸੰਬੰਧਿਤ ਸਖਸੀਅਤਾਂ ਨੇ ਹਿੱਸਾ ਲਿਆ।

ਸ਼ਹੀਦ ਭਗਤ ਸਿੰਘ ਚੈਰੀਟੇਬਲ ਟਰੱਸਟ ਔਕਲੈਂਡ ਨਿਊਜ਼ੀਲੈਂਡ ਵਲੋਂ ਸੈਮੀਨਾਰ ਕਰਵਾਇਆ ਗਿਆ

ਔਕਲੈਂਡ (ਅਵਤਾਰ ਤਰਕਸ਼ੀਲ) 26 ਸਤੰਬਰ ਨੂੰ ਸ਼ਹੀਦ ਭਗਤ ਸਿੰਘ ਚੈਰੀਟੇਬਲ ਟਰਸਟ ਵੱਲੋਂ ਸ਼ਹੀਦ ਭਗਤ ਸਿੰਘ ਦੇ ਜਨਮ ਦਿਵਸ ਨੂੰ ਸਮਰਪਿਤ ਸੈਮੀਨਾਰ ਅਵਤਾਰ ਤਰਕਸ਼ੀਲ ਦੇ ਨਿਵਾਸ ਸਥਾਨ ਤੇ ਪੁੱਕੀਕੋਹੀ ਔਕਲੈਂਡ ਵਿੱਚ ਕਰਵਾਇਆ ਗਿਆ ਜਿਸ ਵਿੱਚ ਪੰਜਾਬ ਲੋਕ ਸੱਭਿਆਚਾਰਕ ਮੰਚ,(ਪਲਸ ਮੰਚ) ਵਲੋਂ ਕਸਤੂਰੀ ਲਾਲ ਹੋਰਾਂ ਨੇ ਸ਼ਹੀਦ ਭਗਤ ਸਿੰਘ ਨਾਲ ਸਾਡਾ ਕੀ ਰਿਸ਼ਤਾ ਬਣਦਾ ਹੈ, ਇਸ ਬਾਰੇ ਆਪਣੀ ਗੱਲਬਾਤ ਰੱਖੀ। ਉਸ ਵਿੱਚ ਉਹਨਾਂ ਨੇ ਦੱਸਿਆ ਕਿ ਕਿਵੇਂ ਸਾਨੂੰ ਸ਼ਹੀਦਾਂ ਦੇ ਵਿਚਾਰਾਂ ਨਾਲ, ਉਹਨਾਂ ਦੀ ਘਾਲਣਾ ਨਾਲ ਜੁੜਨਾ ਚਾਹੀਦਾ ਹੈ ਅਤੇ ਕਿਵੇਂ ਲੋਕ ਸੰਘਰਸ਼ਾਂ ਵਿੱਚ ਕਲਾ ਅਤੇ ਸਾਹਿਤ ਦੀ ਭੂਮਿਕਾ ਆਈ ਹੈ ਤੇ ਅੱਜ ਵੀ ਬਣਦੀ ਹੈ।

ਪ੍ਰੋਗਰਾਮ ਦੀ ਸ਼ੁਰੂਆਤ ਸੁਮੀਤ ਹੋਰਾਂ ਜੈਮਲ ਪੱਡਾ ਜੀ ਦਾ ਗੀਤ ਗਾ ਕੇ ਕੀਤੀ। ਪ੍ਰੋਗਰਾਮ ਵਿੱਚ ਨੇਹਾ ਨੇ ਫਲਸਤੀਨ ਤੇ ਹੋ ਰਹੇ ਇਜ਼ਰਾਇਲ ਅਤੇ ਅਮਰੀਕੀ ਸਾਮਰਾਜ ਦੁਆਰਾ ਕਹਿਰ ਦੀ ਵਿਆਖਿਆ ਕਰਦੇ ਅਮਰੀਕੀ ਮੂਲ ਦੀਆਂ ਬਣੀਆਂ ਵਸਤੂਆਂ ਦਾ ਬਾਈਕਾਟ ਕਰਨ ਦਾ ਸੱਦਾ ਦਿੱਤਾ।

ਇਸ ਤੋਂ ਉਪਰੰਤ ਰਾਜੂ ਜੋਸ਼ੀ ਨੇ ਲੜੀ ਨੂੰ ਅੱਗੇ ਤੋਰਦਿਆਂ ਫਲਸਤੀਨ ਵਿੱਚ ਹੋ ਰਹੇ ਪੱਤਰਕਾਰਾਂ ਅਤੇ ਹੋਰ ਲੋਕਾਂ ਦੇ

ਕਤਲਾਂ ਬਾਰੇ ਆਪਣੀ ਗੱਲਬਾਤ ਰੱਖੀ ਲ ਟਰਸਟ ਦੇ ਮੈਂਬਰ ਮਨਦੀਪ ਮਹਿਰਮ ਨੇ ਕਿਹਾ ਕਿ ਭਗਤ ਸਿੰਘ ਦੀ ਤਸਵੀਰ ਸਿਰਫ ਬੰਬ ਸੁੱਟਣ ਵਾਲੀ ਜਾਂ ਸਾਂਡਰਸ ਦੇ ਕਤਲ ਵਾਲੀ ਨਹੀਂ ਹੈ ਉਸ ਦੀ ਤਸਵੀਰ ਵਿਚਾਰਾਂ ਵਾਲੀ ਵੀ ਹੈ ਅਤੇ ਆਪਣੀ ਗੱਲਬਾਤ ਦੇ ਅਖੀਰ ਵਿੱਚ ਇੱਕ ਕਵਿਤਾ ਕਹੀ।

ਪ੍ਰੋਗਰਾਮ ਦੌਰਾਨ ਤਾਸਮਨ ਮੈਗਜ਼ੀਨ ਰਿਲੀਜ਼ ਕੀਤੀ ਗਈ ਅਤੇ ਕਸਤੂਰੀ ਲਾਲ ਜੀ ਨੂੰ ਸੰਸਥਾ ਵਲੋਂ ਸਨਮਾਨ ਚਿੰਨ੍ਹ ਭੇਂਟ ਕੀਤਾ ਗਿਆ ।

ਸਟੇਜ ਸੰਚਾਲਕ ਅਤੇ ਸੰਸਥਾ ਦੀ ਮੈਂਬਰ ਜੋਤੀ ਨੇ ਅਵਤਾਰ ਤਰਕਸ਼ੀਲ ਨੂੰ ਕਿਤਾਬਾਂ ਲਿਖ ਕੇ ਸਾਹਿਤ ਵਿੱਚ ਯੋਗਦਾਨ ਪਾਉਣ ਵਾਸਤੇ ਵਧਾਈ ਦਿੱਤੀ ਲ

ਪ੍ਰੋਗਰਾਮ ਦੇ ਅਖੀਰ ਤੇ ਗੌਹਰ ਰਜ਼ਾ ਵੱਲੋਂ ਬਣਾਈ ਗਈ ਡਾਕੂਮੈਂਟਰੀ "ਇਨਕਲਾਬ" ਦਿਖਾਈ ਗਈ। ਇਸ ਪੂਰੇ ਪ੍ਰੋਗਰਾਮ ਦੀ ਸਟੇਜ ਟਰੱਸਟ ਦੇ ਮੈਂਬਰ ਜੋਤੀ ਹੋਰਾਂ ਦੁਆਰਾ ਬਾਖੂਬੀ ਨਿਭਾਈ ਗਈ ਅਤੇ ਆਪਣੇ ਵਤਨ ਤੋਂ ਕੋਹਾਂ ਦੂਰ ਇਨਕਲਾਬੀਆਂ ਨੂੰ ਯਾਦ ਕਰਦਿਆਂ, ਅੱਜ ਦੇ ਹਾਲਾਤਾਂ ਤੇ ਮੁੜ ਝਾਤ ਮਾਰਦਿਆਂ ਪ੍ਰੋਗਰਾਮ ਦਾ ਅੰਤ ਇਨਕਲਾਬੀ ਨਾਹਰਿਆਂ ਨਾਲ਼ ਕੀਤਾ ਗਿਆ।

ਸੈਮੀਨਾਰ ਦੌਰਾਨ ਕਿਤਾਬਾਂ ਦਾ ਸਟਾਲ ਲਗਾਇਆ ਗਿਆ ਜਿੱਥੋਂ ਪਾਠਕਾਂ ਨੇ ਕਿਤਾਬਾਂ ਪ੍ਰਾਪਤ ਕੀਤੀਆਂ । ਪ੍ਰੋਗਰਾਮ ਦੌਰਾਨ ਚਾਹ ਪਾਣੀ ਦਾ ਪ੍ਰਬੰਧ ਅਤੇ ਅਖੀਰ ਵਿੱਚ ਰਾਤ ਦੇ ਖਾਣੇ ਦਾ ਪ੍ਰਬੰਧ ਸੰਸਥਾ ਦੇ ਮੈਂਬਰਾਂ ਅਤੇ ਸਹਿਯੋਗੀਆਂ ਵਲੋਂ ਰਲ ਕੇ ਕੀਤਾ ਗਿਆ ।

–ਸ਼ਹੀਦ ਭਗਤ ਸਿੰਘ ਚੈਰੀਟੇਬਲ ਟਰੱਸਟ
ਔਕਲੈਂਡ ਨਿਊਜ਼ੀਲੈਂਡ
ਫਰੀ ਫੋਨ 0800MANAVTA

ਜਾਨ ਬਚਾਉਣ ਵਾਲੀਆਂ ਦਵਾਈਆਂ ਦਾ ਮਹੱਤਵ

ਆਧੁਨਿਕ ਸਿਹਤ ਵਿਗਿਆਨ ਅਤੇ ਤਕਨੀਕ ਨੇ ਮਨੁੱਖੀ ਜ਼ਿੰਦਗੀ ਨੂੰ ਬਚਾਉਣ ਅਤੇ ਲੰਮੇਰਾ ਕਰਨ ਵਿੱਚ ਕਾਬਿਲ-ਏ-ਤਾਰੀਫ਼ ਯੋਗਦਾਨ ਦਿੱਤਾ ਹੈ। ਇਸ ਵਿੱਚ ਸਭ ਤੋਂ ਕੇਂਦਰੀ ਭੂਮਿਕਾ "ਜਾਨ ਬਚਾਉਣ ਵਾਲੀਆਂ ਦਵਾਈਆਂ" (ਲਿਡਇ-ਸਓਵਿਨਗ ਦਰੁਗਸ) ਦੀ ਹੈ। ਇਹ ਦਵਾਈਆਂ ਉਹਨਾਂ ਮਰੀਜ਼ਾਂ ਲਈ ਆਖ਼ਰੀ ਉਮੀਦ ਹੁੰਦੀਆਂ ਹਨ ਜਿਨ੍ਹਾਂ ਦੀ ਜ਼ਿੰਦਗੀ ਸੰਕਟ ਵਿੱਚ ਪਈ ਹੋਵੇ ਜਿਵੇਂ ਕਿ ਕੈਂਸਰ, ਦਿਲ ਦੀ ਬੀਮਾਰੀ, ਸਟ੍ਰੋਕ, ਇਨਫੈਕਸ਼ਨ ਜਾਂ ਗੰਭੀਰ ਐਲਰਜੀ।

ਜਾਨ ਬਚਾਉਣ ਵਾਲੀਆਂ ਦਵਾਈਆਂ ਦਾ ਮਹੱਤਵ

ਜਾਨ ਬਚਾਉਣ ਵਾਲੀਆਂ ਦਵਾਈਆਂ ਦਾ ਮੁੱਖ ਉਦੇਸ਼ ਤੁਰੰਤ ਪ੍ਰਭਾਵ ਪੈਦਾ ਕਰਨਾ ਅਤੇ ਮਰੀਜ਼ ਦੀ ਜ਼ਿੰਦਗੀ ਦੀ ਰੱਖਿਆ ਕਰਨਾ ਹੁੰਦਾ ਹੈ। ਉਦਾਹਰਨ ਵਜੋਂ:

ਐਂਟੀਬਾਇਓਟਿਕਸ (ਜਿਵੇਂ ਪੈਨਿਸਿਲਿਨ) ਨੇ ਲੱਖਾਂ ਮਰੀਜ਼ਾਂ ਨੂੰ ਇਨਫੈਕਸ਼ਨ ਤੋਂ ਬਚਾਇਆ।

ਇੰਸੁਲਿਨ ਨੇ ਡਾਇਬਟੀਜ਼ ਨੂੰ ਇੱਕ ਮਾਰੂ ਬੀਮਾਰੀ ਤੋਂ ਲੰਮੇਰੇ ਸਮੇਂ ਤੱਕ ਨਿਯੰਤਰਿਤ ਕਰਨ ਵਾਲੀ ਅਵਸਥਾ ਵਿੱਚ ਬਦਲ ਦਿੱਤਾ।

ਕੀਮੋਥੈਰੇਪੀ ਦਵਾਈਆਂ ਕੈਂਸਰ ਦੇ ਮਰੀਜ਼ਾਂ ਲਈ ਉਮੀਦ ਦਾ ਸਰੋਤ ਬਣੀਆਂ।

ਕੋਵਿਡ-19 ਮਹਾਂਮਾਰੀ ਦੌਰਾਨ ਐਂਟੀਵਾਇਰਲ ਦਵਾਈਆਂ ਅਤੇ ਟੀਕਿਆਂ ਨੇ ਵਿਸ਼ਵ ਪੱਧਰ 'ਤੇ ਕਰੋੜਾਂ ਜਾਨਾਂ ਬਚਾਈਆਂ।

ਸੰਭਾਵਨਾ ਅਤੇ ਵਿਗਿਆਨਕ ਪੱਖ

ਵਿਗਿਆਨਕ ਤਰੱਕੀ ਦੇ ਨਾਲ ਨਵੀਆਂ ਦਵਾਈਆਂ ਬਣਾਉਣ ਦੀ ਪ੍ਰਕਿਰਿਆ ਬਹੁਤ ਤੇਜ਼ ਹੋ ਰਹੀ ਹੈ। ਜੀਨੋਮਿਕਸ, ਬਾਇਓਟੈਕਨਾਲੋਜੀ ਅਤੇ ਕ੍ਰਿਤ੍ਰਿਮ ਬੁੱਧੀ (ਅਰਟਿਫਿਚਿਅਲ Intelilgence) ਦੀ ਮਦਦ ਨਾਲ ਹਰੇਕ ਵਿਅਕਤੀ ਦੀ ਲੋੜ ਅਨੁਸਾਰ ਦਵਾਈਆਂ ਦਾ ਯੁੱਗ ਆ ਰਿਹਾ ਹੈ ਜਿਸ ਵਿੱਚ ਹਰ ਮਰੀਜ਼ ਲਈ ਵਿਲੱਖਣ ਢੰਗ ਨਾਲ ਦਵਾਈਆਂ ਤਿਆਰ ਕੀਤੀਆਂ ਜਾ ਸਕਦੀਆਂ ਹਨ। ਇਹ ਸੰਭਾਵਨਾ ਮਨੁੱਖੀ ਜ਼ਿੰਦਗੀ ਦੀ ਗੁਣਵੱਤਾ ਨੂੰ ਕਈ ਗੁਣਾ ਵਧਾ ਸਕਦੀ ਹੈ।

ਮਾਰਕੀਟ ਅਤੇ ਆਰਥਿਕ ਪੱਖ

ਦਵਾਈਆਂ ਦਾ ਵਿਸ਼ਵ ਪੱਧਰੀ ਬਜ਼ਾਰ ਕਈ ਖਰਬਾਂ ਡਾਲਰਾਂ ਦਾ ਹੈ। ਫਾਰਮਾਸਿਊਟਿਕਲ ਕੰਪਨੀਆਂ ਨਵੀਆਂ ਦਵਾਈਆਂ ਬਣਾਉਣ ਲਈ ਵੱਡੇ ਪੱਧਰ 'ਤੇ ਖ਼ਰਚ ਕਰਦੀਆਂ ਹਨ। ਇਕ ਨਵੀਂ ਦਵਾਈ ਬਣਾਉਣ ਲਈ ਔਸਤਨ 10-15 ਸਾਲ ਦਾ ਸਮਾਂ ਅਤੇ ਅਰਬਾਂ ਰੁਪਏ ਲੱਗਦੇ ਹਨ। ਇਸ ਕਾਰਨ ਇਹ ਦਵਾਈਆਂ ਮਹਿੰਗੀਆਂ ਹੁੰਦੀਆਂ ਹਨ ਅਤੇ ਹਰ ਕੋਈ ਇਨ੍ਹਾਂ ਨੂੰ ਖਰੀਦ ਨਹੀਂ ਸਕਦਾ। ਇਸਦੇ ਨਾਲ ਹੀ "ਜਾਨ ਬਚਾਉਣ ਵਾਲੀਆਂ ਦਵਾਈਆਂ" ਦੀ ਮੰਗ ਹਮੇਸ਼ਾ ਵੱਧਦੀ ਰਹਿੰਦੀ ਹੈ ਜੋ ਇਸ ਖੇਤਰ ਨੂੰ ਸਭ ਤੋਂ ਲਾਭਕਾਰੀ ਉਦਯੋਗਾਂ ਵਿੱਚੋਂ ਇੱਕ ਬਣਾਉਂਦੀ ਹੈ।

ਕੀ ਇਹ ਦਵਾਈਆਂ ਮੁਫ਼ਤ ਹੋਣੀਆਂ ਚਾਹੀਦੀਆਂ ਹਨ?

ਇਹ ਇੱਕ ਨੈਤਿਕ ਅਤੇ ਸਮਾਜਕ ਪ੍ਰਸ਼ਨ ਹੈ।

ਪੱਖ ਵਿੱਚ ਦਲੀਲਾਂ:

ਜ਼ਿੰਦਗੀ ਮਨੁੱਖ ਦਾ ਮੂਲ ਅਧਿਕਾਰ ਹੈ। ਗਰੀਬ ਅਤੇ ਵਿਕਾਸਸ਼ੀਲ ਦੇਸ਼ਾਂ ਦੇ ਮਰੀਜ਼ ਮਹਿੰਗੀਆਂ ਦਵਾਈਆਂ ਨਹੀਂ ਖਰੀਦ ਸਕਦੇ। ਮੁਫ਼ਤ ਜਾਂ ਸਸਤੀ ਪਹੁੰਚ ਨਾਲ ਵਿਸ਼ਵ ਪੱਧਰ 'ਤੇ ਮੌਤਾਂ ਘੱਟ ਸਕਦੀਆਂ ਹਨ।

ਵਿਰੋਧ ਵਿੱਚ ਦਲੀਲਾਂ:

ਫਾਰਮਾਸਿਊਟਿਕਲ ਕੰਪਨੀਆਂ ਨੂੰ ਨਵੀਂ ਦਵਾਈਆਂ ਦੀ ਖੋਜ ਲਈ ਵੱਡਾ ਖ਼ਰਚਾ ਕਰਨਾ ਪੈਂਦਾ ਹੈ।ਜੇ ਦਵਾਈਆਂ ਪੂਰੀ ਤਰ੍ਹਾਂ ਮੁਫ਼ਤ ਹੋਣ ਤਾਂ ਨਵੀਆਂ ਖੋਜਾਂ 'ਤੇ ਨਿਵੇਸ਼ ਘੱਟ ਸਕਦਾ ਹੈ।

ਸੰਤੁਲਿਤ ਹੱਲ

ਇਸ ਲਈ ਇੱਕ ਸੰਤੁਲਿਤ ਰਾਹ ਇਹ ਹੋ ਸਕਦਾ ਹੈ ਕਿ ਜਾਨ ਬਚਾਉਣ ਵਾਲੀਆਂ ਦਵਾਈਆਂ ਲਈ ਸਰਕਾਰਾਂ ਅਤੇ ਕੰਪਨੀਆਂ ਸਾਂਝੀ ਜ਼ਿੰਮੇਵਾਰੀ ਨਿਭਾਉਣ। ਸਰਕਾਰਾਂ ਨੂੰ ਸਬਸਿਡੀ ਜਾਂ ਬੀਮਾ ਪ੍ਰਣਾਲੀਆਂ ਰਾਹੀਂ ਇਹ ਦਵਾਈਆਂ ਲੋਕਾਂ ਤੱਕ ਪਹੁੰਚਾਉਣੀਆਂ ਚਾਹੀਦੀਆਂ ਹਨ।

ਅੰਤਰਰਾਸ਼ਟਰੀ ਪੱਧਰ 'ਤੇ ਗਰੀਬ ਦੇਸ਼ਾਂ ਲਈ ਵਿਸ਼ੇਸ਼ ਫੰਡ ਬਣਾਉਣੇ ਚਾਹੀਦੇ ਹਨ।

ਸਥਾਨਕ ਪੱਧਰ 'ਤੇ ਜਨਤਕ ਸਿਹਤ ਪ੍ਰਣਾਲੀ ਨੂੰ ਮਜ਼ਬੂਤ ਕਰਕੇ ਦਵਾਈਆਂ ਦੀ ਸਮੇਂ ਸਿਰ ਉਪਲੱਬਧਤਾ ਯਕੀਨੀ ਬਣਾਈ ਜਾ ਸਕਦੀ ਹੈ।

ਜਾਨ ਬਚਾਉਣ ਵਾਲੀਆਂ ਦਵਾਈਆਂ ਸਿਰਫ਼ ਸਿਹਤ ਖੇਤਰ ਦੀ ਖੋਜ ਨਹੀਂ, ਸਗੋਂ ਮਨੁੱਖਤਾ ਲਈ ਇੱਕ ਵਰਦਾਨ ਹਨ। ਉਨ੍ਹਾਂ ਦੀ ਮਹੱਤਤਾ, ਸੰਭਾਵਨਾ ਅਤੇ ਮਾਰਕੀਟ ਅਪਾਰ ਹੈ ਪਰ ਉਹਨਾਂ ਤੱਕ ਸਮਾਨ ਪਹੁੰਚ ਮਨੁੱਖੀ ਅਧਿਕਾਰ ਬਣਦੀ ਹੈ। ਇਹ ਵਿਸ਼ਾ ਸਿਰਫ਼ ਵਿਗਿਆਨਕ ਜਾਂ ਆਰਥਿਕ ਨਹੀਂ ਸਗੋਂ ਨੈਤਿਕਤਾ ਅਤੇ ਇਨਸਾਨੀਅਤ ਨਾਲ ਵੀ ਜੁੜਿਆ ਹੈ। ਭਵਿੱਖ ਉਸ ਵੇਲੇ ਹੀ ਸੁਰੱਖਿਅਤ ਹੋਵੇਗਾ ਜਦੋਂ ਹਰ ਮਨੁੱਖ ਚਾਹੇ ਉਹ ਅਮੀਰ ਹੋਵੇ ਜਾਂ ਗਰੀਬ ਆਪਣੀ ਜਾਨ ਬਚਾਉਣ ਵਾਲੀ ਦਵਾਈ ਤੱਕ ਸਮੇਂ ਸਿਰ ਪਹੁੰਚ ਰੱਖੇਗਾ।

ਸੁਰਿੰਦਰਪਾਲ ਸਿੰਘ
ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ
ਪੰਜਾਬ।

ਅੰਤਰਰਾਸ਼ਟਰੀ ਬੇਟੀਆਂ ਦਾ ਦਿਨ : ਸਮਾਜਕ ਸੋਚ ਤੋਂ ਵਿਸ਼ਵ ਪੱਧਰ ਤੱਕ

ਅੱਜ ਦਾ ਦਿਨ ਖ਼ਾਸ ਹੈ। ਸੰਸਾਰ ਭਰ ਵਿੱਚ ਅੰਤਰਰਾਸ਼ਟਰੀ ਬੇਟੀਆਂ ਦਾ ਦਿਨ ਮਨਾਇਆ ਜਾ ਰਿਹਾ ਹੈ। ਇਹ ਦਿਨ ਹਰ ਸਾਲ ਸਤੰਬਰ ਦੇ ਚੌਥੇ ਐਤਵਾਰ ਨੂੰ ਮਨਾਇਆ ਜਾਂਦਾ ਹੈ। ਇਸ ਦਾ ਮਕਸਦ ਬੇਟੀਆਂ ਦੀ ਮਹੱਤਤਾ ਨੂੰ ਸਵੀਕਾਰਨਾ, ਉਹਨਾਂ ਨੂੰ ਬਰਾਬਰੀ ਦਾ ਦਰਜਾ ਦੇਣਾ ਅਤੇ ਉਹਨਾਂ ਨਾਲ ਜੁੜੀਆਂ ਸਮਾਜਕ ਪਾਬੰਦੀਆਂ ਨੂੰ ਦੂਰ ਕਰਨਾ ਵਧਾਉਣ ਲਈ ਇੰਟਰਨੈਸ਼ਨਲ ਡਾਟਰਜ਼ ਡੇ ਦੀ ਸ਼ੁਰੂਆਤ ਹੋਈ। ਇਹ ਮੁਹਿੰਮ ਸਿਰਫ਼ ਭਾਰਤ ਤੱਕ ਸੀਮਿਤ ਨਹੀਂ ਰਹੀ, ਬਲਕਿ ਹੌਲੇ-ਹੌਲੇ ਹੋਰ ਦੇਸ਼ਾਂ ਨੇ ਵੀ ਇਸਨੂੰ ਮਨਾਉਣਾ ਸ਼ੁਰੂ ਕਰ ਦਿੱਤਾ।

ਧੀਆਂ ਨਾਲ ਜੁੜੀਆਂ ਧਾਰਨਾਵਾਂ ਨੇ ਸਦੀ ਦਰ ਸਦੀ ਉਹਨਾਂ ਦੇ ਵਿਕਾਸ ਰਾਹ ਵਿੱਚ ਰੁਕਾਵਟਾਂ ਪੈਦਾ ਕੀਤੀਆਂ।

ਖਤਮ ਨਹੀਂ ਹੋਈ।

ਧੀਆਂ ਦੀ ਭੂਮਿਕਾ : ਘਰ ਤੋਂ ਵਿਸ਼ਵ ਪੱਧਰ ਤੱਕ

ਧੀਆਂ ਨੂੰ ਕਈ ਵਾਰ ਸਿਰਫ਼ ਘਰ ਦੀਆਂ ਜ਼ਿੰਮੇਵਾਰੀਆਂ ਤੱਕ ਸੀਮਿਤ ਕਰ ਦਿੱਤਾ ਗਿਆ। ਪਰ ਹਕੀਕਤ ਇਹ ਹੈ ਕਿ ਉਹ ਹਰ ਖੇਤਰ ਵਿੱਚ ਆਪਣੀ ਪ੍ਰਤਿਭਾ ਸਾਬਤ ਕਰ ਰਹੀਆਂ ਹਨ।

ਪਰਿਵਾਰ ਵਿੱਚ : ਧੀਆਂ ਸਿਰਫ਼ ਮਾਤਾ-ਪਿਤਾ ਦਾ ਸਹਾਰਾ ਹੀ ਨਹੀਂ, ਸਗੋਂ ਵੱਡਿਆਂ ਦੀ ਦੇਖਭਾਲ, ਪਰਿਵਾਰਕ ਰਿਸ਼ਤਿਆਂ ਨੂੰ ਜੋੜਨ ਅਤੇ ਪਿਆਰ ਦੀ ਮੂਰਤ ਹੁੰਦੀਆਂ ਹਨ।

ਸਿੱਖਿਆ ਵਿੱਚ : ਅੱਜ ਧੀਆਂ ਸਕੂਲਾਂ ਅਤੇ ਯੂਨੀਵਰਸਿਟੀਆਂ ਵਿੱਚ ਪੁੱਤਰਾਂ ਦੇ ਬਰਾਬਰ ਜਾਂ ਕਈ ਵਾਰ ਉਨ੍ਹਾਂ ਤੋਂ ਅੱਗੇ ਹਨ।

ਰੋਜ਼ਗਾਰ ਵਿੱਚ : ਫ਼ਿਜ਼ਨਸ, ਮੀਡੀਆ, ਖੇਡ, ਫ਼ੌਜ, ਰਾਜਨੀਤੀ, ਕਲਾ ਅਤੇ ਵਿਗਿਆਨ—ਧੀਆਂ ਹਰ ਜਗ੍ਹਾ ਚਮਕ ਰਹੀਆਂ ਹਨ।

ਰਾਸ਼ਟਰ ਨਿਰਮਾਣ ਵਿੱਚ : ਕਈ ਦੇਸ਼ਾਂ ਦੀਆਂ ਰਾਸ਼ਟਰਪਤਨੀਆਂ, ਪ੍ਰਧਾਨ ਮੰਤਰੀਆਂ, ਮੰਤਰੀਆਂ ਅਤੇ ਸਮਾਜ ਸੇਵਿਕਾਂ ਵਜੋਂ ਧੀਆਂ ਨੇ ਆਪਣਾ ਯੋਗਦਾਨ ਦਿੱਤਾ ਹੈ।

ਸਿੱਖਿਆ, ਰੋਜ਼ਗਾਰ ਅਤੇ ਸੁਰੱਖਿਆ

ਅੱਜ ਦਾ ਸਮਾਂ ਧੀਆਂ ਲਈ ਬਹੁਤ ਸਾਰੀਆਂ ਸੰਭਾਵਨਾਵਾਂ ਖੋਲ੍ਹ ਰਿਹਾ ਹੈ।

ਸਿੱਖਿਆ : ਸਰਕਾਰੀ ਤੇ ਗੈਰ-ਸਰਕਾਰੀ ਸੰਗਠਨਾਂ ਵੱਲੋਂ ਧੀਆਂ ਲਈ ਖਾਸ ਸਕਾਲਰਸ਼ਿਪ ਯੋਜਨਾਵਾਂ ਹਨ। "ਬੇਟੀ ਬਚਾਓ, ਬੇਟੀ ਪੜ੍ਹਾਓ" ਵਰਗੀਆਂ ਮੁਹਿੰਮਾਂ ਨੇ ਸਮਾਜ ਵਿੱਚ ਸੋਚ ਬਦਲਣ ਦੀ ਕੋਸ਼ਿਸ਼ ਕੀਤੀ ਹੈ।

ਰੋਜ਼ਗਾਰ : ਆਈ.ਟੀ., ਮੈਡੀਕਲ, ਇੰਜੀਨੀਅਰਿੰਗ, ਖੇਡਾਂ ਅਤੇ ਉਦਯੋਗ ਵਿੱਚ ਧੀਆਂ ਆਪਣਾ ਮਾਣ ਬਣਾਉਂਦੀਆਂ ਹਨ।

ਸੁਰੱਖਿਆ : ਮਹਿਲਾਵਾਂ ਲਈ ਕਾਨੂੰਨੀ ਸੁਰੱਖਿਆ ਪ੍ਰਦਾਨ ਕਰਨ ਲਈ ਕਈ ਐਕਟ ਬਣਾਏ ਗਏ ਹਨ, ਜਿਵੇਂ ਫੌਜ਼ ਐਕਟ (ਕਾਰਜਸਥਲ ਤੇ ਸੁਰੱਖਿਆ) ਅਤੇ ਘਰੇਲੂ ਹਿੰਸਾ ਐਕਟ।

ਪ੍ਰੇਰਣਾਦਾਇਕ ਕਹਾਣੀਆਂ

ਮਲਾਲਾ ਯੂਸਫ਼ਜ਼ਈ – ਪਾਕਿਸਤਾਨ ਦੀ ਧੀ ਜਿਸ ਨੇ ਤਾਲਿਬਾਨ ਦੇ ਖ਼ਿਲਾਫ਼ ਖੜ੍ਹ ਕੇ ਧੀਆਂ ਦੀ ਸਿੱਖਿਆ ਲਈ ਲੜਾਈ ਲੜੀ। ਅੱਜ ਉਹ ਨੋਬਲ ਸ਼ਾਂਤੀ ਪੁਰਸਕਾਰ ਜੇਤੂ ਹੈ।

ਕਲਪਨਾ ਚਾਵਲਾ – ਭਾਰਤ ਦੀ ਧੀ ਜਿਸ ਨੇ ਅੰਤਰਿਕਸ਼ ਵਿੱਚ ਭਾਰਤੀ ਝੰਡਾ ਲਹਿਰਾਇਆ।

ਮੈਰੀ ਕੋਮ – ਬਾਕਸਿੰਗ ਵਿੱਚ ਵਿਸ਼ਵ ਪੱਧਰ 'ਤੇ ਭਾਰਤ ਦਾ ਨਾਮ ਰੌਸ਼ਨ ਕਰਨ ਵਾਲੀ ਮਾਤਾ ਅਤੇ ਯੋਧਾ ਧੀ।

ਸੁਨੀਤਾ ਵਿਲੀਅਮਜ਼ – ਅੰਤਰਿਕਸ਼ ਯਾਤਰੀ, ਜਿਸ ਨੇ ਸਾਬਤ ਕੀਤਾ ਕਿ ਧੀਆਂ ਅਸਮਾਨ ਦੀਆਂ ਉੱਚਾਈਆਂ ਛੂਹ ਸਕਦੀਆਂ ਹਨ।

ਇਹ ਕਹਾਣੀਆਂ ਹਰ ਮਾਪੇ ਨੂੰ ਪ੍ਰੇਰਿਤ ਕਰਦੀਆਂ ਹਨ ਕਿ ਉਹ ਆਪਣੀਆਂ ਧੀਆਂ ਨੂੰ ਆਪਣੇ ਸੁਪਨਿਆਂ ਦੀ ਉਡਾਨ ਭਰਨ ਦਾ ਮੌਕਾ ਦੇਣ।

ਅੰਤਰਰਾਸ਼ਟਰੀ ਪੱਧਰ ਤੇ ਦਰਿਸ਼ਟੀਕੋਣ

ਅੰਤਰਰਾਸ਼ਟਰੀ ਬੇਟੀਆਂ ਦਾ ਦਿਨ ਸਿਰਫ਼ ਭਾਰਤ ਤੱਕ ਸੀਮਿਤ ਨਹੀਂ। ਅੱਜ ਇਹ ਦਿਨ ਅਮਰੀਕਾ, ਕੈਨੇਡਾ, ਯੂ.ਕੇ., ਆਸਟ੍ਰੇਲੀਆ ਅਤੇ ਕਈ ਹੋਰ ਦੇਸ਼ਾਂ ਵਿੱਚ ਵੀ ਮਨਾਇਆ ਜਾਂਦਾ ਹੈ। ਲੋਕ ਆਪਣੇ ਪਰਿਵਾਰਕ, ਸਮਾਜਕ ਤੇ ਰਾਸ਼ਟਰੀ ਪੱਧਰ 'ਤੇ ਕਾਰਜਕ੍ਰਮ ਕਰਦੇ ਹਨ।

ਯੂ.ਐਨ.ਓ. ਵੀ ਲਿੰਗ ਅਸਮਾਨਤਾ ਨੂੰ ਖਤਮ ਕਰਨ ਅਤੇ ਮਹਿਲਾਵਾਂ ਦੇ ਹੱਕਾਂ ਲਈ ਕੰਮ ਕਰ ਰਹੀ ਹੈ। ਸ਼ੁਸਟੈਨੇਬਲ ਡਿਵੈਲਪਮੈਂਟ ਗੋਲਸ (ਐਸਡੀਜੀ) ਵਿੱਚ ਵੀ ਜੈਂਡਰ ਇਕੁਆਲਟੀ ਨੂੰ ਮਹੱਤਵਪੂਰਨ ਟਾਰਗੇਟ ਵਜੋਂ ਰੱਖਿਆ ਗਿਆ ਹੈ।

ਅੰਤਰਰਾਸ਼ਟਰੀ ਬੇਟੀਆਂ ਦਾ ਦਿਨ ਸਾਨੂੰ ਯਾਦ ਦਵਾਉਂਦਾ ਹੈ ਕਿ:

ਧੀਆਂ ਨੂੰ ਸਿੱਖਿਆ ਅਤੇ ਰੋਜ਼ਗਾਰ ਦੇ ਸਮਾਨ ਮੌਕੇ ਮਿਲਣੇ ਚਾਹੀਦੇ ਹਨ।

ਉਹਨਾਂ ਦੀ ਸੁਰੱਖਿਆ ਅਤੇ ਆਤਮ-ਨਿਰਭਰਤਾ ਯਕੀਨੀ ਬਣਾਉਣੀ ਚਾਹੀਦੀ ਹੈ।

ਧੀਆਂ ਸਿਰਫ਼ ਮਾਪਿਆਂ ਦਾ ਸਹਾਰਾ ਹੀ ਨਹੀਂ, ਸਗੋਂ ਰਾਸ਼ਟਰ ਦਾ ਮਾਣ ਵੀ ਹਨ।

ਅੰਤਰਰਾਸ਼ਟਰੀ ਬੇਟੀਆਂ ਦਾ ਦਿਨ ਮਨਾਉਣਾ ਸਿਰਫ਼ ਇੱਕ ਰਸਮੀ ਕਾਰਜਕ੍ਰਮ ਨਹੀਂ, ਸਗੋਂ ਸਮਾਜ ਨੂੰ ਬਦਲਣ ਦੀ ਇੱਕ ਸੋਚ ਹੈ। ਧੀਆਂ ਰੱਬ ਦੀ ਸਭ ਤੋਂ ਸੁੰਦਰ ਨੇਮਤ ਹਨ। ਉਹਨਾਂ ਨੂੰ ਬਰਾਬਰੀ ਦਾ ਹੱਕ ਦੇਣਾ ਸਿਰਫ਼ ਫ਼ਰਜ਼ ਨਹੀਂ, ਸਗੋਂ ਇਕ ਇਨਸਾਨੀ ਜ਼ਿੰਮੇਵਾਰੀ ਹੈ।

"ਧੀਆਂ ਪਰਿਵਾਰ ਦੀਆਂ ਰੌਸ਼ਨੀਆਂ, ਸਮਾਜ ਦੀਆਂ ਸ਼ਕਤੀਆਂ ਅਤੇ ਭਵਿੱਖ ਦੀਆਂ ਨੀਂਹਾਂ ਹਨ।"

ਗੁਰਭਿੰਦਰ ਗੁਰੀ,
+447951 590424
watsapp

ਹੈ।

ਭਾਰਤ ਵਰਗੇ ਦੇਸ਼ਾਂ ਵਿੱਚ, ਜਿੱਥੇ ਕਈ ਦਹਾਕਿਆਂ ਤੱਕ ਧੀ ਦੇ ਜਨਮ ਨੂੰ ਬੋਝ ਸਮਝਿਆ ਜਾਂਦਾ ਸੀ, ਇਸ ਦਿਨ ਨੇ ਇੱਕ ਨਵੀਂ ਸੋਚ ਜਗਾਈ ਹੈ। ਇਹ ਦਿਨ ਸਾਨੂੰ ਯਾਦ ਦਵਾਉਂਦਾ ਹੈ ਕਿ ਬੇਟੀਆਂ ਸਿਰਫ਼ ਪਰਿਵਾਰ ਦੀ ਸ਼ਾਨ ਨਹੀਂ, ਸਗੋਂ ਰਾਸ਼ਟਰ ਦੀਆਂ ਨੀਂਹਾਂ ਹਨ।

ਇਤਿਹਾਸ ਅਤੇ ਸ਼ੁਰੂਆਤ

ਬੇਟੀਆਂ ਦਾ ਦਿਨ ਭਾਰਤ ਵਿੱਚ ਸ਼ੁਰੂ ਹੋਇਆ। ਪੁਰਾਣੇ ਸਮਿਆਂ ਵਿੱਚ ਸਮਾਜ ਵਿੱਚ ਇਹ ਧਾਰਣਾ ਬਣ ਗਈ ਸੀ ਕਿ ਪੁੱਤਰ ਹੀ ਵੰਸ਼ ਨੂੰ ਅੱਗੇ ਵਧਾਉਂਦੇ ਹਨ, ਜਦਕਿ ਧੀਆਂ ਨੂੰ ਸਿਰਫ਼ ਦਾਜ਼ ਦੇਣ ਅਤੇ ਪਰਾਇਆ ਧਨ ਮੰਨਿਆ ਜਾਂਦਾ ਸੀ। ਇਹ ਸੋਚ ਨਾ ਸਿਰਫ਼ ਬੇਇਨਸਾਫ਼ੀ ਸੀ, ਸਗੋਂ ਮਨੁੱਖੀ ਅਧਿਕਾਰਾਂ ਦਾ ਉਲੰਘਨ ਵੀ ਸੀ।

ਇਸ ਪਿਛੋਕੜ ਵਿੱਚ, ਸਮਾਜਕ ਜਾਗਰੂਕਤਾ

ਲਿੰਗ ਅਸਮਾਨਤਾ : ਬੱਚੀਆਂ ਨੂੰ ਅਕਸਰ ਪੁੱਤਰਾਂ ਦੀ ਤੁਲਨਾ ਵਿੱਚ ਘੱਟ ਮੌਕੇ ਮਿਲਦੇ ਰਹੇ।

ਸਿੱਖਿਆ ਦੀ ਕਮੀ : ਕਈ ਪਰਿਵਾਰਾਂ ਵਿੱਚ ਧੀਆਂ ਨੂੰ ਪੜ੍ਹਾਈ ਕਰਵਾਉਣ ਦੀ ਬਜਾਏ ਘਰੇਲੂ ਕੰਮ ਸਿਖਾਉਣ ਨੂੰ ਤਰਜੀਹ ਦਿੱਤੀ ਗਈ।

ਬਾਲ-ਵਿਆਹ : ਪਿਛਲੇ ਸਮਿਆਂ ਵਿੱਚ ਕਈ ਖੇਤਰਾਂ ਵਿੱਚ ਬਾਲ-ਵਿਆਹ ਦੀ ਪ੍ਰਥਾ ਨੇ ਬੱਚੀਆਂ ਦੇ ਭਵਿੱਖ ਨੂੰ ਖਤਰੇ ਵਿੱਚ ਪਾਇਆ।

ਦਾਜ਼ ਪ੍ਰਥਾ : ਧੀ ਨੂੰ ਅਕਸਰ ਦਾਜ਼ ਦੇ ਬੋਝ ਨਾਲ ਜੋੜਿਆ ਗਿਆ।

ਇਹ ਸਾਰੀਆਂ ਚੁਣੌਤੀਆਂ ਇਸ ਗੱਲ ਦੀ ਯਾਦ ਦਿਵਾਉਂਦੀਆਂ ਹਨ ਕਿ ਬੇਟੀਆਂ ਦੇ ਹੱਕਾਂ ਲਈ ਲੜਾਈ ਅਜੇ ਵੀ ਪੂਰੀ ਤਰ੍ਹਾਂ

ਸਮਾਜ ਵੀਕਲੀ ਨਿਊਜ

ਬੁਧ ਬਿਹਾਰ ਟਰੱਸਟ (ਰਜਿ.) ਸੋਫੀ ਪਿੰਡ ਜਲੰਧਰ ਵਿਖੇ ਸਰਦਾਰ ਸ਼ਹੀਦੇ ਆਜ਼ਮ ਭਗਤ ਸਿੰਘ ਜੀ ਦਾ 118ਵਾਂ ਜਨਮ ਦਿਨ ਬੜੇ ਇਨਕਲਾਬੀ ਉਤਸ਼ਾਹ ਨਾਲ ਮਨਾਇਆ। ਇਸ ਮੌਕੇ ਐਡਵੋਕੇਟ ਹਭਜਨ ਸਾਪਲਾ ਨੇ ਭਗਤ ਸਿੰਘ ਹੋਣਾਂ ਦੇ ਆਜ਼ਾਦੀ ਅੰਦੋਲਨ ਵਿੱਚ ਪਾਏ ਯੋਗਦਾਨ ਤੇ ਸ਼ਹੀਦੀ ਤੇ ਚਰਚਾ ਕੀਤੀ। ਉਨ੍ਹਾਂ ਕਿਹਾ ਕਿ ਦੇਸ਼ ਭਗਤਾਂ ਦੀਆਂ ਅਥਾਹ ਕੁਰਬਾਨੀਆਂ ਨਾਲ ਆਜ਼ਾਦੀ ਮਿਲੀ ਹੈ । ਸ਼ਹੀਦਾਂ ਦੀ ਸੋਚ ਤੇ ਪਹਿਰਾ ਦੇਣਾ ਆਪਣਾ ਫਰਜ ਹੈ। ਇਸ ਮੌਕੇ ਚਮਨ ਦਾਸ ਸਾਂਪਲਾ, ਲਹਿੰਬਰ ਚੰਦ ਬੰਗੜ, ਸਰਦਾਰੀ ਲਾਲ,ਵਰੁਨ ਸਾਪਲਾ , ਨਰੇਸ਼ ਸਾਂਪਲਾ ,ਰਜਤ, ਬਲਦੀਸ਼ ਤੇ ਹੋਰ ਹਾਜ਼ਰ ਸਨ। **ਫੋਟੋ ਤੇ ਵੇਰਵਾ-- ਮਹਿੰਦਰ ਰਾਮ ਫੁੱਗਲਾਣਾ**

ਸਿਕੰਦਰ ਦਾ ਮੁਕੱਦਰ

ਜੀਹਦੇ ਭਾਗ ਜਾਗ ਪੈਣ, ਉਹ ਹੁੰਦਾ, ਮੁਕੱਦਰ ਦਾ ਸਿਕੰਦਰ। ਕੁਦਰਤ ਨੇ ਖੇਡ ਰਚਾਈ, ਹੁੰਦਾ ਸਭ, ਉਹਦੀ ਰਜ਼ਾ ਦੇ ਅੰਦਰ। ਸ਼ੁਰੂ ਵਿੱਚ ਗ੍ਰੀਕੋ-ਰੋਮਨ ਕੁਸ਼ਤੀਆਂ ਵਿੱਚ ਹਾਰਿਆ। ਦੀਦਾਰ ਸਿੰਘ ਧਰਮੂਚੱਕ ਦਾ ਭਲਵਾਨ, ਦੇਸੀ ਕੁਸ਼ਤੀ ਵਿੱਚ ਕਿਸੇ ਤੋਂ ਨਾ ਹਾਰਿਆ। ਵੱਡੇ ਵੱਡੇ ਤਕੜੇ, ਜੁੱਸੇ ਵਾਲਿਆਂ ਵੀ, ਉਸਨੂੰ ਸੀ ਵੰਗਾਰਿਆ। ਦਾਰਾ ਭਲਵਾਨ ਬੜਾ ਸੀ ਦਿਲਦਾਰ ਬੰਦਾ। ਦੀਦਾਰ ਤੋਂ ਬਣਿਆ ਦਾਰਾ, ਜੀਹਦਾ ਪੱਖ ਲੈਂਦਾ,ਉਸਨੂੰ ਤਾਰ ਦਿੰਦਾ। ਰੁਸਤਮੇ ਹਿੰਦ ਭਲਵਾਨ ਗਾਮਾ ਤੇ ਦਾਰਾ, ਤਾਕਤ ਵਿੱਚ ਭਾਵੇਂ ਤਕੜੇ, ਉਤਨੇ ਹੀ ਨਰਮ ਦਿਲ ਇਨਸਾਨ। ਸਮਾਜ ਸੇਵੀਆਂ ਵਾਂਗੂੰ ਜਨਤਾ ਦੇ ਸੇਵਕ, ਕਦੇ ਨ੍ਹੀਂ ਕਰਦੇ ਸੀ ਅਹਿਸਾਨ। ਬੱਚੇ ਵੀ ਤਰੱਕੀਆਂ ਕਰਦੇ ਗਏ, ਵਧੀਆ ਇਨਸਾਨ ਬਣੇ। 1928 ਨੂੰ ਜਨਮੇ 83 ਸਾਲ ਦੀ ਉਮਰੇ,ਫੌਤ ਹੋ ਗਏ। 2003 ਤੋਂ 2009 ਤੱਕ ਰਹੇ ਮੈਂਬਰ ਰਾਜ ਸਭਾ। ਮੌਜੂਦਗੀ ਪਾਰਲੀਮੈਂਟ ਵਿੱਚ, ਜਿੰਦਾਦਿਲੀ ਨਾਲ ਰਹੇ ਖੁਸ਼ ਸਦਾ।ਹਨੂੰਮਾਨ ਅਤੇ ਰਮਾਇਣ ਫਿਲਮਾਂ ਵਿੱਚ ਨਿਭਾਏ ਵਧੀਆ ਕਿਰਦਾਰ। ਨੇਕ ਨੀਅਤੀ ਨਾਲ ਬਣੇ, ਉੱਚ ਕੋਟੀ ਦੇ ਕਲਾਕਾਰ। ਪੁੱਤਰ ਬਿੰਦੂ ਦਾਰਾ ਸਿੰਘ, ਪੋਤੇ ਫਤਿਹ ਅਤੇ ਆਦਿਪੁਰਸ਼, ਵੀ ਬਣੇ ਸਤਿਕਾਰਤ ਕਲਾਕਾਰ।

ਤਿੰਨ-ਚਾਰ ਸਦੀਆਂ ਈਸਾ ਤੋਂ ਪੂਰਵ, ਯੂਨਾਨ ਦੀ ਮਕਦੂਨੀਆ ਸਟੇਟ, ਤੋਂ ਚੱਲਿਆ ਸਿਕੰਦਰ, ਪੰਜਾਬ ਵੱਲ, ਜ਼ਰਖ਼ੇਜ਼ ਇਲਾਕੇ, ਜਿੱਤਣ ਲਈ। ਪੋਰਸ ਰਾਜਾ ਸੀ, ਆਜ਼ਾਦ ਹਸਤੀ, ਲੜਿਆ ਆਪਣੀ ਧਰਤੀ ਤੇ ਆਪਣੇ ਲੋਕਾਂ ਲਈ, ਮਰ ਮਿਟਣ ਲਈ। ਸਥਾਨਕ ਰਾਜੇ ਅੰਭੀ ਨੇ ਈਰਖਾ ਵਸ ਸਿਕੰਦਰ ਦਾ ਸਾਥ ਦਿੱਤਾ, ਪੋਰਸ ਨੂੰ ਹਰਾਉਣ ਲਈ। ਸਰਦੀ ਦੇ ਮੌਸਮ ਵਿੱਚ ਪੋਰਸ ਨੂੰ ਹੋਇਆ ਨਮੂਨੀਆਂ, ਪੋਰਸ ਨੂੰ ਉਸਦਾ ਰਾਜ ਸੌਂਪ ਕੇ, ਵਾਪਸੀ ਤੇ ਪੁੱਜਿਆ ਨਾ ਗਿਆ ਮਕਦੂਨੀਆ। ਬਹਾਦਰਾਂ ਦਾ, ਕਦਰਦਾਨ ਸੀ ਸਿਕੰਦਰ, ਪਰ ਕਿਸਮਤ ਨੇ ਦਿੱਤਾ ਨਾ ਸਾਥ। ਆਉਂਦੇ ਵੇਲੇ, ਰਸਤੇ ਵਿੱਚ ਜਿੰਨੇ ਵੀ ਮਿਲੇ, ਭਾਵੇਂ ਸਭ ਨੂੰ ਦਿੱਤੀ ਮਾਤ। ਰੱਬ ਦੀ ਦਿੱਤੀ, ਜ਼ਿੰਦਗੀ ਦੀ ਦਾਤ ਨਾਲ,ਕਿਸੇ ਦਾ ਬੁਰਾ ਨਾ ਤਕਾਓ।ਆਪ ਵੀ ਤਰੱਕੀਆਂ ਕਰੋ ਹੋਰਾਂ ਨੂੰ ਵੀ ਵਧਾਓ।

ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ ਹਾਲ-ਆਬਾਦ # 639/40ਏ ਚੰਡੀਗੜ੍ਹ। ਫੋਨ ਨੰਬਰ : 9878469639

ਬਸਪਾ ਲੀਡਰਸ਼ਿਪ ਸ਼ਹੀਦ ਭਗਤ ਸਿੰਘ ਜੀ ਦੇ ਜਨਮਦਿਨ ਤੇ ਨਮਨ ਹੋਈ

ਸਮੇਂ ਦੀਆਂ ਸਰਕਾਰਾਂ ਨੇ ਸ਼ਹੀਦਾਂ ਦੇ ਸੁਪਨਿਆਂ ਨੂੰ ਇਮਾਨਦਾਰੀ ਨਾਲ ਪੂਰਾ ਨਹੀਂ ਕੀਤਾ : ਡਾ ਨਛਤਰ ਪਾਲ, ਪ੍ਰਵੀਨ ਬੰਗਾ

ਬੰਗਾ ਬਹੁਜਨ ਸਮਾਜ ਪਾਰਟੀ ਦੀ ਲੀਡਰਸ਼ਿਪ ਬਸਪਾ ਪੰਜਾਬ ਦੇ ਇੰਚਾਰਜ ਡਾ ਨਛਤਰ ਪਾਲ ਜੀ ਵਿਧਾਇਕ ਹਲਕਾ ਨਵਾ ਸ਼ਹਿਰ ਤੇ ਬਸਪਾ ਪੰਜਾਬ ਦੇ ਜਨਰਲ ਸਕੱਤਰ ਪ੍ਰਵੀਨ ਬੰਗਾ ਜੋਨ ਇੰਚਾਰਜ ਦੀ ਅਗਵਾਈ ਵਿੱਚ ਸ਼ਹੀਦ ਭਗਤ ਸਿੰਘ ਜੀ ਦੇ ਜਨਮਦਿਨ ਤੇ ਨਮਨ ਹੋਣ ਲਈ ਖਟਕੜ ਕਲਾਂ ਸ਼ਹੀਦੀ ਸਮਾਰਕ ਤੇ ਪਹੁੰਚੀ ਇਸ ਮੌਕੇ ਤੇ ਵਿਧਾਇਕ ਡਾ ਨਛਤਰ ਪਾਲ ਜੀ ਤੇ ਪ੍ਰਵੀਨ ਬੰਗਾ ਨੇ ਸ਼ਹੀਦ ਭਗਤ ਸਿੰਘ ਜੀ ਦੇ ਜਨਮਦਿਨ ਤੇ ਵਧਾਈ ਦਿੰਦੇ ਹੋਏ ਆਖਿਆ ਸ਼ਹੀਦ ਭਗਤ ਸਿੰਘ ਜੀ ਨੇ ਛੋਟੀ ਉਮਰ ਵਿੱਚ ਦਿੱਤੀ ਸ਼ਹਾਦਤ ਨੇ ਦੇਸ਼ਵਾਸੀਆਂ ਦੇ ਨਾਲ ਨਾਲ ਨੋਜਵਾਨਾਂ ਵਿੱਚ ਅਜਾਦੀ ਦੀ ਲੜਾਈ ਲੜਨ ਦਾ ਜੱਜਬਾ ਕੀਤਾ ਸ਼ਹੀਦਾਂ ਦੀਆਂ ਕੁਰਬਾਨੀਆਂ ਦੀ ਬਦੋਲਤ ਅਸੀ ਅਜਾਦੀ ਦਾ ਸਾਨੂੰ ਨਿਘ ਮਿਲਿਆ ਪਰ 78ਸਾਲ ਦੀ ਅਜਾਦੀ ਵਿੱਚ ਸਮੇਂ ਦੀਆਂ ਸਰਕਾਰਾਂ ਨੇ ਸ਼ਹੀਦਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਇਮਾਨਦਾਰੀ ਨਾਲ ਕੰਮ ਨਹੀਂ ਕੀਤਾ ਬਸਪਾ ਸ਼ਹੀਦਾਂ ਦਾ ਦਿਲੋ ਸਤਿਕਾਰ ਕਰਦੀ ਹੈ ਬਸਪਾ ਸ਼ਹੀਦ ਭਗਤ ਸਿੰਘ ਸ਼ਹੀਦ ਕਰਤਾਰ ਸਿੰਘ ਸਰਾਭਾ ਭਾਰਤੀ ਸੰਵਿਧਾਨ ਨਿਰਮਾਤਾ ਡਾ ਅੰਬੇਦਕਰ ਜੀ ਦੇ ਸੁਪਨਿਆਂ ਦਾ ਭਾਰਤ ਬਣਾਉਣ ਲਈ ਸੰਕਲਪ ਲੈਂਦੀ ਹੈ ਜਿਲਾ ਪ੍ਰਧਾਨ ਸਰਬਜੀਤ ਜਾਫਰਪੁਰ ਜਿਲਾ ਜਨਰਲ ਸਕੱਤਰ ਹਰਬਲਾਸ ਬਸਰਾ ਜੀ ਜਿਲਾ ਕੋਆਰਡੀਨੇਟਰ ਮਨੋਹਰ ਕਮਾਮ ਜਿਲਾ ਜੱਥੇਬੰਦਕ ਸਕੱਤਰ ਵਿਜੇ ਕੁਮਾਰ ਗੁਣਾਚੌਰ, ਸੁਰਜੀਤ ਕਰੀਹਾ ਸਤਪਾਲ ਰਟੈਂਡਾ ਪ੍ਰਧਾਨ ਹਲਕਾ ਬੰਗਾ ਗੁਰਮੁਖ ਨੋਰਦ ਉਪ ਪ੍ਰਧਾਨ ਨਗਰ ਕੋਂਸਲ ਨਵਾ ਸ਼ਹਿਰ, ਜੈ ਪਾਲ ਸੁੰਡਾ ਜੀ ਸਾਬਕਾ ਪ੍ਰਧਾਨ,ਐਡਵੋਕੇਟ ਮੁਕੇਸ਼ ਬਾਲੀ, ਪਰਮਜੀਤ ਦੋਸਾਂਝ, ਹਰਜਿੰਦਰ ਲੱਦੜ ਪ੍ਰਧਾਨ ਬੰਗਾ ਸ਼ਹਿਰੀ ਮਲਕੀਤ ਮੰਢਾਲੀ ਜੀ ਪਰਮਜੀਤ ਮਹਿਰਮਪੁਰ,ਕੁਲਦੀਪ ਚੇਤਾ ਚੇਤੀ ਰਾਮ ਗੁਣਾਚੌਰ ਤੋ ਬਹਿਰਾਮ ਸੋਹਣ ਲਾਲ ਰਟੈਂਡਾ, ਰਾਣਾ ਮੁਕੰਦਪੁਰ, ਵਿਜੇ ਕੁਮਾਰ ਹੋਈ।

ਪੰਜ ਆਬ

ਪੰਜਾਬ ਬਣਿਆਂ ਹੀ ਪੰਜ ਪਾਣੀਆਂ ਤੋਂ ਹੈ। ਇਹ ਪੰਜੇ ਪਾਣੀ ਇਸ ਦੇ ਜਨਮਦ-ਤੇ ਹਨ। ਇਸ ਦੇ ਹੀ ਨਹੀਂ ਇਸਦੇ ਨਾਲ ਦੇ ਖਿੱਤੇ ਦੀ ਵੀ ਪਰਵਰਿਸ਼ ਕਰਦੇ ਹਨ। ਸਰਕਾਰਾਂ ਨੇ ਭੋਏਂ ਵੰਡ ਦਿੱਤੀ ਤੇ ਪਾਣੀ ਵੰਡ ਦਿੱਤੇ। ਸਤਲੁਜ ਰਾਵੀ ਬਿਆਸ ਜੇਹਨਮ ਝਨਾਵ ਵਿੱਚ ਵੰਡੀਆਂ ਪਾ ਦਿੱਤੀਆਂ। ਪੰਜਾਬ ਚੁੱਪ ਰਿਹਾ। ਇਸ ਵੰਡ ਦੇ ਜ਼ਖਮ ਪਿੰਡੇ ਤੇ ਝੱਲੇ। ਪਾਣੀ ਦੇ ਨਾਮ ਤੇ ਬਣੇ ਇਸ ਖਿੱਤੇ ਦੇ ਨਾਲ ਨਾਲ ਪੂਰੇ ਮੁਲਕ ਨੇ ਜੇ ਪਾਣੀ ਦਾ ਫਾਇਦਾ ਉਠਾਇਆ ਤਾਂ ਪਾਣੀ ਦਾ ਕਹਿਰ ਇਕੱਲੇ ਪੰਜ ਆਬ ਨੇ ਆਪਣੇ ਪਿੰਡੇ ਤੇ ਹੰਢਾਇਆ। ਬੇਸ਼ੱਕ ਕੇਂਦਰ ਦੀ ਪੱਖਪਾਤੀ ਸਰਕਾਰ ਨੇ ਮਲ੍ਹਮ ਲਾਉਣ ਦਾ ਦਿਖਾਵਾ ਕੀਤਾ ਪਰ ਪੰਜਾਬੀਆਂ ਦਾ ਹੌਸਲਾ ਇਸ ਤੋਂ ਕਿਤੇ ਵੱਧ। ਸੱਤ ਸੱਤ ਫੁੱਟ ਪਾਣੀ ਵਿੱਚ ਡੁੱਬੀਆਂ ਮਾਤਾਵਾਂ ਤੇ ਬਾਬਿਆਂ ਨੇ ਰਾਸ਼ਨ ਦੇਣ ਗਏ ਨੂੰ ਚਾਹ ਬਿਨਾਂ ਨਹੀਂ ਆਉਣ ਦਿੱਤਾ। ਹਰ ਪ੍ਰਕਾਰ ਦੀ ਸਹਾਇਤਾ ਲਈ ਜਿਵੇਂ ਪੰਜਾਬੀ ਪਹਿਲਾਂ ਤੋਂ ਹੀ ਤਿਆਰ ਸਨ। ਪੰਜਾਬੀਆਂ ਨੇ ਆਪਣੇ ਭਰਾਵਾਂ ਦੀ ਖੁਲ੍ਹੇ ਦਿਲ ਨਾਲ ਮਦਦ ਕੀਤੀ। ਓਹਨਾ ਨੇ ਆਪਣੀਆਂ ਤਜ਼ੋਰੀਆਂ ਦੇ ਮੂੰਹ ਖੋਲ੍ਹ ਦਿੱਤੇ। ਪੂਰਾ ਪੰਜਾਬ ਲੰਗਰ ਲਾਉਣ ਵਿੱਚ ਖੁੱਭ ਗਿਆ। ਰਾਸ਼ਨ ਅਤੇ ਹੋਰ ਲੋੜੀਂਦੀ ਰਾਹਤ ਸਮੱਗਰੀ ਦੇ ਟਰੱਕ ਟਰਾਲੀਆਂ ਦੀਆਂ ਲੰਮੀਆਂ ਲਾਈਨਾਂ ਲੱਗ ਗਈਆਂ। ਗਾਇਕ ਕਲਾਕਾਰ ਵਿਉਪਾਰੀ ਐਨ ਆਰ ਆਈ ਕੋਈ ਪਿੱਛੇ ਨਹੀਂ ਰਿਹਾ। ਅੰਮ੍ਰਿਤਸਰ ਦੀ ਡੀ ਸੀ ਸ਼ਾਕਸ਼ੀ ਸਾਹਨੀ, ਸੁਖਬੀਰ ਬਾਦਲ ਅਤੇ ਕੁਲਦੀਪ ਧਾਲੀਵਾਲ ਨੇ ਪੂਰੀ ਵਾਹ ਲਾਈ। ਕਹਿੰਦੇ ਸੁਖਬੀਰ ਤਾਂ ਮੋਬਾਇਲ ਬੈਂਕ ਅਤੇ ਮੋਬਾਇਲ ਪੈਟਰੋਲ ਪੰਪ ਲੈ ਕੇ ਮੈਦਾਨ ਵਿੱਚ ਉਤਰ ਗਿਆ। ਉੰਜ ਫੋਟੋਆਂ ਕਰਾਉਣ ਵਾਲੇ ਅਤੇ ਪਜਾਮੇ ਲਿਬੇੜਨ ਵਾਲੇ ਵੀ ਪਿੱਛੇ ਨਹੀਂ ਰਹੇ। ਕੁਝ ਵੀ ਹੋਇਆ ਲਹਿੰਦੇ ਤੇ ਚੜ੍ਹਦੇ ਪੰਜ ਆਬ ਨੂੰ ਜੇ ਪਾਣੀਆਂ ਨੇ ਡੋਬਣ ਵਿੱਚ ਕੋਈ ਕਸਰ ਨਹੀਂ ਛੱਡੀ ਤਾਂ ਹੌਂਸਲਾ ਪੰਜ ਆਬੀਆਂ ਨੇ ਵੀ ਨਹੀਂ ਹਾਰਿਆ। ਉਹ ਦੁਗਣੀ ਤਾਕਤ ਨਾਲ ਉਠੇ ਹਨ। ਅਖੇ ਕਿਸੇ ਨੂੰ ਬੰਦਾ ਨਹੀਂ ਮਾਰ ਸਕਦਾ ਕੁਦਰਤ ਨਾ ਮਾਰੇ। ਪਰ ਪੰਜਾਬੀ ਤਾਂ ਕੁਦਰਤ ਨੂੰ ਵੀ ਅੰਗੂਠਾ ਦਿਖਾਕੇ ਫਿਰ ਖੜੇ ਹੋ ਗਏ।

ਰਮੇਸ਼ ਸੇਠੀ ਬਾਦਲ
9876627233



ਦੁੱਖ

ਫਿਲਪਾਈਨ ਵਿੱਚ ਆ ਕੇ ਦਸ ਬਾਰਾਂ ਕੁ ਸਾਲਾਂ ਵਿੱਚ ਮੈ ਆਪਣੀ ਅਤੇ ਭੈਣਾਂ ਭਰਾਵਾਂ ਦੀ ਗਰੀਬੀ ਚੱਕ'ਤੀ ਸੀ ਫਿਰ ਮੈ ਪੁਰਾਣਾ ਘਰ ਢਾਹ ਕੇ ਨਵਾਂ ਛੱਤਣ ਲਈ ਪਿੰਡ ਗਿਆ। ਬੀਬੀ ਜੀ ਕਹਿਣ ਲੱਗੇ ਪੁੱਤ ਆਪਣੇ ਘਰ ਦੇ ਨੇੜੇ ਪਲਾਟ ਵਿਕਾਊ ਆ ਉਹ ਲੈ ਲਾ ਪਹਿਲਾਂ ਮੈ ਉੱਥੇ ਫਲਦਾਰ ਬੂਟੇ ਲਾਉਣੇ ਆਂ ਇਸ ਲਈ ਅਸੀਂ ਪਹਿਲਾਂ ਉਹ ਪਲਾਟ ਖਰੀਦਿਆ ਫਿਰ ਮਕਾਨ ਬਣਾਉਣਾ ਸ਼ੁਰੂ ਕੀਤਾ..ਮਕਾਨ ਨੂੰ ਸ਼ੁਰੂ ਕੀਤਿਆਂ ਅਜੇ ਪੰਦਰਾਂ ਕੁ ਦਿਨ ਹੀ ਹੋਏ ਸਨ ਜਦੋਂ ਸਾਡੇ ਘਰ ਦੇ ਨੇੜੇ ਤੇੜੇ ਵਸਦੇ ਸਾਡੇ ਆਪਣਿਆਂ ਦੇ ਬਹੁਤ ਪਿਆਰੇ ਪੰਜ ਸੱਤ ਘਰ ਸਾਡੇ ਨਾਲ ਬੋਲਣੋਂ ਹਟ ਗਏ। ਮੈਨੂੰ ਸਮਝ ਨਾ ਆਵੇ ਕਿ ਇਹਨਾ ਨੂੰ ਹੋ ਕੀ ਗਿਆ?ਹੱਦ ਤਾਂ ਉਦੋਂ ਹੋ ਗਈ ਜਦੋਂ ਬੀ ਡੀ ਓ ਦਫਤਰ ਤੋਂ ਕੋਈ ਸੈਕਟਰੀ ਜਾਂਚ ਪੜਤਾਲ ਕਰਨ ਆ ਗਿਆ ਕਿ ਤੁਸੀਂ ਫਿਰਨੀ ਦੀ ਜਗ੍ਹਾ ਤੇ ਨਜਾਇਜ਼ ਕਬਜ਼ਾ ਕਰ ਰਹੇ ਓ। ਫਿਰਨੀ ਆਲੀ ਜਗ੍ਹਾ ਮਿਣੀ ਗਈ ਪਰ ਇੱਕ ਇੰਚ ਦਾ ਵੀ ਫਰਕ ਨਹੀ ਸੀ ਫਿਰ ਮੈਨੂੰ ਪਤਾ ਲੱਗਿਆ ਕਿ ਈਰਖਾ ਕਾਰਣ ਕੁਝ ਲੋਕ (ਮੇਰੇ ਆਪਣੇ ਹੀ) ਪੰਚਾਇਤ ਰਾਹੀਂ ਸਟੇਅ ਲੈ ਕੇ ਮਕਾਨ ਦੀ ਉਸਾਰੀ ਰੁਕਵਾ ਦੇਣਗੇ ਪਰ ਇਵੇਂ ਹੋ ਨਹੀ ਸਕਿਆ ਕਿਉਂਕਿ ਮੈ ਚੁਕੰਨਾ ਹੋ ਗਿਆ ਸਾਂ।

ਮੇਰੇ ਤੋਂ ਦਸ ਕੁ ਸਾਲ ਵੱਡਾ ਮੇਰਾ ਇੱਕ ਦੋਸਤ ਹੈ ਜਿਸ ਕੋਲ ਪਿੰਡ ਦੇ ਬਹੁਤ ਲੋਕ ਔਖੇ ਵੇਲੇ ਸਲਾਹ ਲੈਣ ਜਾਂਦੇ ਹਨ ਕਿ ਕਿਵੇਂ ਕਰੀਏ ਹੁਣ ਤੇ ਉਹ ਬਹੁਤ ਵਧੀਆ ਸਲਾਹ ਦਿੰਦਾ ਹੈ ਹਰੇਕ ਨੂੰ। ਇੱਕ ਦਿਨ ਉਦਾਸ ਸਾਂ ਮੈ ਤੇ ਉਸ ਦੋਸਤ ਕੋਲ ਚਲਿਆ ਗਿਆ ਤੇ ਆਖਿਆ 'ਭਾ ਜੀ ਕੁਝ ਲੋਕ ਮੇਰੇ ਨਾਲ ਈਰਖਾ ਕਰਨ ਲੱਗ ਪਏ ਹਨ ਤੇ ਇਹ ਓਹੀ ਹਨ ਜੋ ਪਹਿਲਾਂ ਬੜਾ ਪਿਆਰ ਕਰਦੇ ਸਨ'। ਮੇਰੇ ਦੋਸਤ ਨੇ ਦੱਸਿਆ.. ਜਦੋਂ ਪੈਸੇ ਟਕੇ ਤੋਂ ਅਵਾਜਾਰ ਸੀ ਉਦੋਂ ਤੂੰ ਚੰਗਾ ਲੱਗਦਾ ਸੀ ਉਹਨਾਂ ਨੂੰ ਹੁਣ ਤੂੰ ਤਰੱਕੀ ਕਰ ਰਿਹਾਂ ਤਾਂ ਈਰਖਾ ਕਰਨ ਲੱਗ ਪਏ।ਮੈ ਕਿਹਾ ਭਾ ਜੀ ਪਰ ਇਹ ਤਾਂ ਮੇਰੇ ਆਪਣੇ ਹੀ ਨੇ ਤਾਂ ਮੇਰੇ ਦੋਸਤ ਦਾ ਜੁਆਬ ਸੀ..''ਦੁੱਖ ਹਮੇਸ਼ਾਂ ਆਪਣਿਆਂ ਨੂੰ ਹੀ ਹੁੰਦਾ ਹੈ''.. ਮੇਰੇ ਵੱਲੋਂ ਭਾਵੇਂ ਤੂੰ ਦੋ ਕੋਠੀਆਂ ਹੋਰ ਬਣਾ ਲੈ ਮੈਨੂੰ ਕੀ?

ਬਲਦੇਵ ਸਿੰਘ ''ਪੂਨੀਆਂ''

Samaj Weekly

ਸਮਾਜ ਵੀਕਲੀ

Punjabi, Hindi & English Newspaper - UK & EU Edition

ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

@samajweekly

ਸਾਡੇ ਵਟਸਅੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ

ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484

email:-Samajweekly@gmail.com